Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 269 11/01/2025 www.samajweekly.com samajweekly @samajweekly samajweekly

# SC ਨੇ ਸੰਭਲ ’ਚ ਜਾਮਾ ਮਸਜਿਦ ਨੇੜਲੇ ਖੂਹ ਦੀ ਪੂਜਾ 'ਤੇ ਲਾਈ ਰੋਕ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਸੰਭਲ ’ਚ ਜਾਮਾ ਮਸਜਿਦ ਦੇ ਨੇੜੇ ਖੂਹ ਨੂੰ ਹਰੀ ਮੰਦਰ ਖੂਹ ਐਲਾਨਣ ਅਤੇ ਉੱਥੇ ਪੂਜਾ ਦੀ ਆਗਿਆ ਦੇਣ ਵਾਲੇ ਨਗਰ ਨਿਗਮ ਦੇ ਨੋਟੀਫ਼ਿਕੇਸ਼ਨ 'ਤੇ ਰੋਕ ਲਗਾ ਦਿਤੀ ਹੈ। ਹਾਲਾਂਕਿ, ਇਹ ਸਪੱਸ਼ਟ ਵੀ ਕੀਤਾ ਗਿਆ ਕਿ ਮਸਜਿਦ ਤੋਂ ਇਲਾਵਾ, ਹੋਰ ਲੋਕ ਵੀ ਖੂਹ ਦੀ ਵਰਤੋਂ ਕਰ ਸਕਦੇ ਹਨ। ਇਸ 'ਤੇ ਕੋਈ ਪਾਬੰਦੀ ਨਹੀਂ ਹੈ। ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਤੋਂ ਸਟੇਟਸ ਰਿਪੋਰਟ ਮੰਗੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 21 ਫ਼ਰਵਰੀ ਨੂੰ ਹੋਵੇਗੀ।

ਚੀਫ਼ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ ਦੀ ਬੈਂਚ ਨੇ ਨਿਰਦੇਸ਼ ਦਿਤਾ ਕਿ ਬਿਨਾਂ ਇਜਾਜ਼ਤ ਦੇ ਖੂਹ ਬਾਰੇ ਕੋਈ ਕਾਰਵਾਈ ਨਾ ਕੀਤੀ ਜਾਵੇ। ਇਸ ਦੇ ਨਾਲ ਹੀ ਅਧਿਕਾਰੀਆਂ ਨੂੰ ਦੋ ਹਫ਼ਤਿਆਂ ਦੇ ਅੰਦਰ ਸਥਿਤੀ ਰਿਪੋਰਟ ਦਾਇਰ ਕਰਨ ਦੇ ਨਿਰਦੇਸ਼ ਦਿਤੇ ਗਏ ਹਨ। ਸ਼ਾਹੀ ਜਾਮਾ ਮਸਜਿਦ ਦੀ ਪ੍ਰਬੰਧਕ ਕਮੇਟੀ ਵਲੋਂ ਦਾਇਰ ਪਟੀਸ਼ਨ ਵਿਚ ਸੀਨੀਅਰ ਡਵੀਜਨ ਸਿਵਲ ਜੱਜ ਦੇ 19 ਨਵੰਬਰ, 2024 ਦੇ ਹੁਕਮ ਨੂੰ ਚੁਣੌਤੀ ਦਿਤੀ ਗਈ ਸੀ, ਜਿਸ ਵਿਚ ਮਸਜਿਦ ਦਾ ਸਰਵੇਖਣ ਕਰਨ ਲਈ ਇਕ ਐਡਵੋਕੇਟ ਕਮਿਸ਼ਨਰ ਦੀ ਨਿਯੁਕਤੀ ਦੀ ਆਗਿਆ ਦਿਤੀ ਗਈ ਸੀ। ਇਹ ਦਲੀਲ ਦਿਤੀ ਗਈ ਸੀ ਕਿ ਸਰਵੇਖਣ ਕਾਰਨ ਹਿੰਸਾ ਹੋਈ ਅਤੇ ਜਾਨ-ਮਾਲ ਦਾ ਨੁਕਸਾਨ ਹੋਇਆ। ਜਿਸ ਕਾਰਨ ਸੁਪਰੀਮ ਕੋਰਟ ਨੂੰ ਤੁਰਤ ਦਖ਼ਲ ਦੇਣਾ ਪਿਆ।



ਪ੍ਰਬੰਧਕ ਕਮੇਟੀ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਹੁਜ਼ੇਫਾ ਅਹਿਮਦੀ ਨੇ ਖੂਹ ਦੀ ਇਤਿਹਾਸਕ ਮਹੱਤਤਾ ਦਸਦਿਆਂ ਕਿਹਾ, ‘ਅਸੀਂ ਅਨਾਦਿ ਸਮੇਂ ਤੋਂ ਇਸ ਖੂਹ ਤੋਂ ਪਾਣੀ ਕਢਦੇ ਆ ਰਹੇ ਹਾਂ।’ ਅਹਿਮਦੀ ਨੇ ਇਕ ਨੋਟਿਸ 'ਤੇ ਚਿੰਤਾ ਪ੍ਰਗਟ ਕੀਤੀ ਜਿਸ ਵਿਚ ਇਸ ਜਗ੍ਹਾ ਨੂੰ "ਹਰੀ ਮੰਦਰ" ਦਸਿਆ ਗਿਆ ਸੀ ਅਤੇ ਉੱਥੇ ਧਾਰਮਕ ਗਤੀਵਿਧੀਆਂ ਸ਼ੁਰੂ ਕਰਨ ਦੀ ਮੰਗ ਕੀਤੀ ਗਈ ਸੀ। ਇਸ 'ਤੇ ਚੀਫ਼ ਜਸਟਿਸ ਨੇ ਕਿਹਾ, ‘ਅਜਿਹੀ ਕਿਸੇ ਵੀ ਗਤੀਵਿਧੀ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ।’ ਅਦਾਲਤ ਨੇ ਯੂ.ਪੀ ਸਰਕਾਰ ਨੂੰ ਕ੍ਰਿਪਾ ਕਰ ਕੇ ‘ਸਟੇਟਸ ਰਿਪੋਰਟ’ ਦਾਇਰ ਕੀਤੀ ਜਾਵੇ। ਬੈਂਚ ਨੇ ਕਿਹਾ ਕਿ ਖੂਹ ਬਾਰੇ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖੀ ਜਾਣੀ ਚਾਹੀਦੀ ਹੈ ਅਤੇ ਕਿਸੇ ਵੀ ਵਿਅਕਤੀ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ। ਅਜਿਹਾ ਕੋਈ ਵੀ ਨੋਟਿਸ ਪ੍ਰਭਾਵੀ ਨਹੀਂ ਹੋਵੇਗਾ। ਹਿੰਦੂ ਪੱਖ ਦੀ ਨੁਮਾਇੰਦਗੀ ਕਰ ਰਹੇ ਵਕੀਲ ਵਿਸ਼ਨੂੰ ਸ਼ੰਕਰ ਜੈਨ ਨੇ ਕਿਹਾ ਕਿ ਖੂਹ ਮਸਜਿਦ ਦੇ ਦਾਇਦੇ ਤੋਂ ਬਾਹਰ ਹੈ ਅਤੇ ਇਤਿਹਾਸਕ ਤੌਰ 'ਤੇ ਪੂਜਾ ਲਈ ਵਰਤਿਆ ਜਾਂਦਾ ਰਿਹਾ ਹੈ। ਦੂਜੇ ਪਾਸੇ ਅਹਿਮਦੀ ਨੇ ਕਿਹਾ ਕਿ ਖੂਹ ਕੁੱਝ ਹੱਦ ਤਕ ਮਸਜਿਦ ਦੇ ਅੰਦਰ ਹੈ ਅਤੇ ਕੁੱਝ ਬਾਹਰ ਹੈ। ਉਨ੍ਹਾਂ ਅਪਣੇ ਦਾਅਵੇ ਦੇ ਸਮਰਥਨ ਲਈ ‘ਗੂਗਲ ਮੈਪਸ’ ਦੀ ਇਕ ਤਸਵੀਰ ਦਾ ਹਵਾਲਾ ਵੀ ਦਿਤਾ।

## ਸੁਖਬੀਰ ਬਾਦਲ ਦਾ ਅਸਤੀਫ਼ਾ ਹੋਇਆ ਮਨਜ਼ੂਰ

**ਚੰਡੀਗੜ੍ਹ।** ਸੁਖਬੀਰ ਬਾਦਲ ਦੇ ਅਸਤੀਫ਼ੇ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਅੱਜ ਵਰਕਿੰਗ ਕਮੇਟੀ ਨੇ ਸੁਖਬੀਰ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਦਰਅਸਲ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾਈ ਗਈ ਸੀ, ਜਿਸ ਵਿੱਚ ਸੁਖਬੀਰ ਦੇ ਅਸਤੀਫ਼ੇ ਬਾਰੇ ਫ਼ੈਸਲਾ ਲਿਆ ਜਾਣਾ ਸੀ। ਜਿਥੇ ਵਰਕਿੰਗ ਕਮੇਟੀ ਨੇ ਸੁਖਬੀਰ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਦੱਸ ਦੇਈਏ ਕਿ ਸੁਖਬੀਰ 2008 ਤੋਂ ਲਗਾਤਾਰ ਪਾਰਟੀ ਪ੍ਰਧਾਨ ਦੇ ਅਹੁਦੇ 'ਤੇ ਕਾਬਜ਼ ਸਨ ਪਰ 2024 'ਚ ਬਾਗੀ ਧੜੇ ਨੇ ਸੁਖਬੀਰ ਬਾਦਲ ਖਿਲਾਫ਼ ਅਕਾਲ ਤਖਤ 'ਚ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਤੋਂ ਬਾਅਦ ਸੁਖਬੀਰ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਗਿਆ ਸੀ ਅਤੇ ਬਾਅਦ 'ਚ ਉਨ੍ਹਾਂ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਸੀ।



ਇਸ ਤੋਂ ਬਾਅਦ 16 ਨਵੰਬਰ ਨੂੰ ਸੁਖਬੀਰ ਨੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਿਸ ਸਬੰਧੀ ਫ਼ੈਸਲਾ ਪੈਂਡਿੰਗ ਰੱਖਿਆ ਗਿਆ ਸੀ ਪਰ ਅੱਜ ਵਰਕਿੰਗ ਕਮੇਟੀ ਵੱਲੋਂ ਸੁਖਬੀਰ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰ ਲਿਆ ਗਿਆ ਹੈ।

## ਦੇਸ਼ ਭਰ ਦੇ ਕਿਸਾਨਾਂ ਨੂੰ ਇਕਜੁੱਟ ਹੋ ਕੇ ਮੋਰਚੇ ਲਈ ਸੰਘਰਸ਼ ਕਰਨ ਦੀ ਅਪੀਲ

**ਖਨੌਰੀ:** ਖਨੌਰੀ ਬਾਰਡਰ ਤੋਂ ਕਿਸਾਨ ਆਗੂਆਂ ਨੇ ਪ੍ਰੈਸ ਵਾਰਤਾ ਕੀਤੀ। ਉਨ੍ਹਾਂ ਨੇ ਕਿਹਾ ਹੈ ਕਿ 46 ਵੇਂ ਦਿਨ ਜਗਜੀਤ ਡੱਲੇਵਾਲ ਦਾ ਮਰਨ ਵਰਤ ਜਾਰੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਿਹਤ ਦਿਨੋਂ ਦਿਨ ਖਰਾਬ ਹੁੰਦੀ ਜਾਂਦੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਾਰੀਆਂ ਜਥੇਬੰਦੀਆ ਇਕੱਠੀਆਂ ਹੋ ਰਹੀਆ ਹਨ।

ਕਿਸਾਨ ਆਗੂ ਕਾਕਾ ਕੋਟੜਾ ਨੇ ਕਿਹਾ ਹੈ ਕਿ ਹੁਣ ਮੀਟਿੰਗਾਂ ਦੀ ਉਡੀਕ ਕਰਨ ਦਾ ਸਮਾਂ ਨਹੀਂ ਹੈ। ਹੁਣ ਸਾਨੂੰ ਦੇਸ਼ਵਿੱਚ ਜ਼ੋਰਦਾਰ ਪ੍ਰਦਰਸ਼ਨ ਕਰਨ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮੰਗਾ ਮੰਨਵਾਉਣ ਲਈ ਦੋਵੇ ਫੋਰਮਾਂ ਵੱਲੋਂ ਧਰਨਾ ਚੱਲ ਰਿਹਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਕਿਸਾਨਾਂ ਨੂੰ ਅਪੀਲ ਕਰਦੇ ਹਾਂ ਹਰ ਪਿੰਡ ਵਿਚੋਂ ਇਕ ਟਰੈਕਟਰ ਟਰਾਲੀ ਜ਼ਰੂਰ ਪਹੁੰਚੇ। ਉਨ੍ਹਾਂ ਨੇ ਕਿਹਾ ਹੈ ਕਿ ਡੱਲੇਵਾਲ ਨੂੰ ਬਚਾਉਣ ਲਈ ਸਰਕਾਰ ਨੂੰ ਗੱਲਬਾਤ ਕਰਨੀ ਚਾਹੀਦੀ ਹੈ।



ਕਿਸਾਨ ਆਗੂ ਦਾ ਕਹਿਣਾ ਹੈ ਕਿ ਦੇਸ਼ ਵਿੱਚ ਕਰਜ਼ੇ ਦੇ ਭਾਰ ਹੇਠਾਂ ਦੱਬੇ ਪਏ ਹਨ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਅਤੇ ਹਰਿਆਣਾ ਹੀ ਨਹੀਂ ਪੂਰੇ ਦੇਸ਼ ਦੇ ਕਿਸਾਨਾਂ ਨੂੰ ਸਾਡਾ ਸਾਥ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਡੱਲੇਵਾਲ ਦੀ ਸਿਹਤ ਨਾਜ਼ੁਕ ਹੈ। ਉਨ੍ਹਾਂ ਨੇ ਕਿਹਾ ਹੈ ਕਿ ਹੁਣ ਸਾਰੀਆਂ ਜਥੇਬੰਦੀਆਂ ਨੂੰ ਇੱਕਠੇ ਹੋ ਕੇ ਮੋਰਚੇ ਦਾ ਸਾਥ ਦੇਣਾ ਚਾਹੀਦਾ। ਉਨ੍ਹਾਂ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਦੇ ਕਿਸਾਨ ਜਥੇਬੰਦੀਆ ਦੇ ਆਗੂਆਂ ਨੂੰ ਘਰਾਂ ਨੂੰ ਵਿੱਚ ਨਜ਼ਰਬੰਦ ਕੀਤਾ ਜਾ ਰਿਹਾ ਹੈ।

ਬਲਦੇਵ ਸਿੰਘ ਸਿਰਸਾ ਨੇ ਕਿਹਾ ਹੈ ਕਿ ਅੱਜ ਐਸਕੇ ਐੱਮ ਦੇ ਆਗੂ ਸਾਡੇ ਕੋਲ ਆਏ ਅਤੇ ਅਸੀਂ ਉਨ੍ਹਾਂ ਨੂੰ ਜੀ ਆਇਆ ਕਹਿੰਦੇ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਸਾਨੂੰ ਸਾਰਿਆ ਨੂੰ ਮਿਲ ਕੇ ਲੜਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਜਗਜੀਤ ਡੱਲੇਵਾਲ ਦੀ ਸਿਹਤ ਬਚਾਉਣ ਲਈ ਇੱਕਠੇ ਹੋ ਕੇ ਸਰਕਾਰ ਖਿਲਾਫ ਲੜਨਾ ਹੋਵੇਗਾ।

# HMPV ਵਾਇਰਸ ਨੇ ਡਰਾਏ ਲੋਕ, ਦੇਸ਼ 'ਚ 12 ਮਾਮਲੇ ਆਏ ਸਾਹਮਣੇ

**ਨਵੀਂ ਦਿ.ਲੀ।** ਦੇਸ਼ ਵਿੱਚ ਕੋਰੋਨਾ ਵਾਇਰਸ ਵਰਗੇ ਹਿਊਮਨ ਮੈਟਾਪਨੀਓਮੋਵਾਇਰਸ (HMPV) ਦੇ ਕੁੱਲ 12 ਮਾਮਲੇ ਸਾਹਮਣੇ ਆਏ ਹਨ। ਵੀਰਵਾਰ ਨੂੰ 3 ਨਵੇਂ ਮਾਮਲੇ ਸਾਹਮਣੇ ਆਏ ਹਨ। ਪਹਿਲਾ ਮਾਮਲਾ ਉੱਤਰ ਪ੍ਰਦੇਸ਼ ਦਾ ਹੈ। ਲਖਨਊ ਵਿੱਚ ਇੱਕ 60 ਸਾਲਾ ਔਰਤ ਪਾਜ਼ੇਟਿਵ ਪਾਈ ਗਈ ਹੈ। ਬਲਰਾਮਪੁਰ ਹਸਪਤਾਲ ਦੇ ਡਾਇਰੈਕਟਰ ਡਾਕਟਰ ਸੁਸ਼ੀਲ ਚੌਧਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਸ ਦੇ ਨਾਲ ਹੀ ਗੁਜਰਾਤ ਦੇ ਅਹਿਮਦਾਬਾਦ ਵਿੱਚ ਇੱਕ 80 ਸਾਲਾ ਵਿਅਕਤੀ ਅਤੇ ਹਿੰਮਤਨਗਰ ਵਿੱਚ ਇੱਕ 7 ਸਾਲ ਦੇ ਬੱਚੇ ਦੀ ਐਚਐਮਪੀਵੀ ਰਿਪੋਰਟ ਪਾਜ਼ੇਟਿਵ ਆਈ ਹੈ। ਹਾਲਾਂਕਿ



ਇਹ ਰਿਪੋਰਟ ਇੱਕ ਨਿੱਜੀ ਹਸਪਤਾਲ ਦੀ ਲੈਬ ਦੀ ਹੈ। ਸ਼ਾਮ ਤੱਕ ਸਰਕਾਰੀ ਰਿਪੋਰਟ ਆ ਜਾਵੇਗੀ। ਮਹਾਰਾਸ਼ਟਰ ਅਤੇ ਗੁਜਰਾਤ ਵਿੱਚ 3-3, ਕਰਨਾਟਕ ਅਤੇ ਤਾਮਿਲਨਾਡੂ ਵਿੱਚ 2-2, ਪੱਛਮੀ ਬੰਗਾਲ ਅਤੇ ਯੂਪੀ ਵਿੱਚ ਇੱਕ-ਇੱਕ ਮਾਮਲੇ ਸਾਹਮਣੇ ਆਏ ਹਨ। ਿ ਹ ੳ ੂ ਮ ਨ ਮੈਟਾਪਨੀਓਮੋਵਾਇਰਸ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਰਾਜਾਂ ਨੇ ਵੀ ਚੌਕਸੀ ਵਧਾ ਦਿੱਤੀ ਹੈ। ਪੰਜਾਬ ਵਿੱਚ ਬਜ਼ੁਰਗਾਂ ਅਤੇ ਬੱਚਿਆਂ ਨੂੰ ਮਾਸਕ ਪਹਿਨਣ ਦੀ ਸਲਾਹ ਦਿੱਤੀ ਗਈ ਹੈ। ਇੱਥੇ ਗੁਜਰ-ਾਤ ਵਿੱਚ ਹਸਪਤਾਲਾਂ ਵਿੱਚ ਆਈਸੋਲੇਸ਼ਨ ਵਾਰਡ ਬਣਾਏ ਜਾ ਰਹੇ ਹਨ। ਹਰਿਆਣਾ ਵਿੱਚ ਵੀ ਸਿਹਤ ਵਿਭਾਗ ਨੂੰ ਐਚਐਮਪੀਵੀ ਮਾਮਲਿਆਂ ਦੀ ਨਿਗਰਾਨੀ ਕਰਨ ਦੇ ਹੁਕਮ ਦਿੱਤੇ ਗਏ ਹਨ।

## ਨਹੀਂ ਰੁਕ ਰਿਹਾ ਅੱਗ ਦਾ ਕਹਿਰ, ਲਾਸ ਏਂਜਲਸ ’ਚ ਮੁੜ ਲੱਗੀ ਅੱਗ

**ਲਾਸ ਏਂਜਲਸ।** ਅਮਰੀਕਾ ਦੇ ਲਾਸ ਏਂਜਲਸ ਖੇਤਰ ਵਿਚ ਇਸ ਹਫ਼ਤੇ ਅੱਗ ਲੱਗਣ ਦੀਆਂ ਦੋ ਵੱਡੀਆਂ ਘਟਨਾਵਾਂ ਵਿਚ ਘੱਟੋ-ਘੱਟ 10,000 ਘਰ, ਇਮਾਰਤਾਂ ਅਤੇ ਹੋਰ ਢਾਂਚੇ ਤਬਾਹ ਹੋ ਗਏ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿਤੀ। ਅਧਿਕਾਰੀਆਂ ਨੇ ਅੱਗ ਦੀ ਨਵੀਂ ਘਟਨਾ ਅਤੇ ਇਸ ਦੇ ਤੇਜ਼ੀ ਨਾਲ ਫੈਲਣ ਤੋਂ ਬਾਅਦ ਵੱਧ ਤੋਂ ਵੱਧ ਲੋਕਾਂ ਨੂੰ ਖ਼ਾਲੀ ਕਰਨ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਅੱਗ ਦੀ ਇਸ ਨਵੀਂ ਘਟਨਾ ਨੂੰ ‘ਕੇਨੇਥ ਫ਼ਾਇਰ’ ਕਿਹਾ ਜਾ ਰਿਹਾ ਹੈ। ਵੈਸਟ ਹਿਲਜ਼ ਅਤੇ ਵੈਨਟੂਰਾ ਕਾਉਂਟੀ ਦੇ ਨੇੜੇ ਸੈਨ ਫਰਨਾਂਡੋ ਵੈਲੀ ਵਿਚ ਦੁਪਹਿਰ ਨੂੰ ਤੇਜ਼ੀ ਨਾਲ ਫੈਲ ਰਹੀ ਕੇਨੇਥ ਅੱਗ ਲੱਗ ਗਈ। ਇਸ ਤੋਂ ਪਹਿਲਾਂ ਲਾਸ ਏਂਜਲਸ ਦੇ ਆਲੇ-ਦੁਆਲੇ ਪੰਜ ਥਾਵਾਂ ’ਤੇ ਜੰਗਲੀ ਅੱਗ ਫੈਲ ਗਈ ਸੀ, ਜਿਸ ਨੂੰ ‘ਪੈਲੀਸੇਡਜ਼ ਫ਼ਾਇਰ’, ‘ਈਟਨ ਫ਼ਾਇਰ’, ‘ਲਿਡੀਆ ਫ਼ਾਇਰ’, ‘ਹਰਸਟ ਫ਼ਾਇਰ’ ਅਤੇ ‘ਸਨਸੈੱਟ ਫ਼ਾਇਰ’ ਕਿਹਾ ਜਾ ਰਿਹਾ ਹੈ। ਇਸ ਖੇਤਰ ਦੇ ਕੁਝ ਸਭ ਤੋਂ ਮਸ਼ਹੂਰ



ਇਲਾਕਿਆਂ ਦੇ ਆਲੇ-ਦੁਆਲੇ ਅੱਗ ਦੀਆਂ ਲਪਟਾਂ ਦਾ ਇਕ ਘੇਰਾ ਬਣ ਗਿਆ ਹੈ। ਜੰਗਲ ਦੀ ਅੱਗ ਨਾਲ ਹੁਣ ਤਕ ਸੱਤ ਲੋਕਾਂ ਦੀ ਮੌਤ ਹੋ ਚੁਕੀ ਹੈ। ਹਾਲਾਂਕਿ ਹਵਾਵਾਂ ਦੀ ਰਫ਼ਤਾਰ ਮੱਠੀ ਹੋਣ ਅਤੇ ਸੂਬੇ ਦੇ ਬਾਹਰੋਂ ਆਏ ਫ਼ਾਇਰ ਫ਼ਾਈਟਰਾਂ ਦੀ ਮਦਦ ਨਾਲ ਅੱਗ ’ਤੇ ਕੁਝ ਹੱਦ ਤਕ ਕਾਬੂ ਪਾਇਆ ਜਾ ਸਕਿਆ ਹੈ। ਲਾਸ ਏਂਜਲਸ ਦੇ ਮੇਅਰ ਕੈਰਨ ਬਾਸ ਨੇ ਕਿਹਾ, ‘ਸਾਨੂੰ ਡਰ ਹੈ ਕਿ ਤੇਜ਼ ਹਵਾਵਾਂ ਕਾਰਨ ਇਹ ਅੱਗ ਤੇਜ਼ੀ ਨਾਲ ਫੈਲੇਗੀ। ਉਨ੍ਹਾਂ ਵੀਰਵਾਰ ਸ਼ਾਮ ਤੋਂ ਸ਼ੁਕਰਵਾਰ ਸਵੇਰ ਤਕ ਤੇਜ਼ ਹਵਾਵਾਂ ਚੱਲਣ ਦੀ ਭਵਿੱਖਬਾਣੀ ਨੂੰ ਦੁਹਰਾਇਆ।

## ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ

**ਅਲੀਗੜ੍ਹ।** ਅਲੀਗੜ੍ਹ ਮੁਸਲਿਮ ਯੂਨੀਵਰਸਿਟੀ (ਏ.ਐਮ.ਯੂ.) ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ, ਜਿਸ ਤੋਂ ਬਾਅਦ ਪੁਲਿਸ ਵਿਭਾਗ ’ਚ ਦਹਿਸ਼ਤ ਦਾ ਮਾਹੌਲ ਹੈ। ਕੈਂਪਸ ਵਿਚ ਸੁਰੱਖਿਆ ਪ੍ਰਬੰਧ ਵਧਾ ਦਿਤੇ ਗਏ ਹਨ। ਦਰਅਸਲ, ਵਾਈਸ ਚਾਂਸਲਰ ਸਮੇਤ ਯੂਨੀਵਰਸਿਟੀ ਦੇ ਸਾਰੇ ਉੱਚ ਅਧਿਕਾਰੀਆਂ ਨੂੰ ‘ਕੈਂਪਸ ਨੂੰ ਬੰਬ ਨਾਲ ਉਡਾਉਣ’ ਦੀ ਧਮਕੀ ਭਰੀ ਈਮੇਲ ਮਿਲੀ ਸੀ। ਜਾਣਕਾਰੀ ਅਨੁਸਾਰ, ਪੁਲਿਸ ਸੁਪਰਡੈਂਟ (ਸਿਟੀ) ਮ੍ਰਿਗਾਂਕ ਸ਼ੇਖਰ ਪਾਠਕ ਨੇ ਕਿਹਾ ਕਿ ਧਮਕੀ ਦੇ ਸਬੰਧ ਵਿਚ ਈਮੇਲ ਮਿਲਣ ਤੋਂ ਬਾਅਦ ਬੀਤੀ ਸ਼ਾਮ ਤੋਂ ਕੰਪਲੈਕਸ ਦੇ ਅੰਦਰ ਅਤੇ ਆਲੇ ਦੁਆਲੇ ਦੇ ਸਾਰੇ ਸੰਵੇਦਨਸ਼ੀਲ ਖੇਤਰਾਂ ਵਿਚ ਜਾਂਚ ਕੀਤੀ ਜਾ ਰਹੀ ਹੈ ਅਤੇ ਅਧਿਕਾਰੀ ‘ਕੋਈ ਜੋਖ਼ਮ ਨਹੀਂ ਲੈ ਰਹੇ ਹਨ’। ਅਧਿਕਾਰੀ ਨੇ ਕਿਹਾ ਕਿ ਪੁਲਿਸ ਅਤੇ ਯੂਨੀਵਰਸਿਟੀ ਦੇ ਅਧਿਕਾਰੀ ਮੌਲਾਨਾ ਆਜ਼ਾਦ ਲਾਇਬ੍ਰੇਰੀ



ਸਮੇਤ ਸਾਰੇ ਭੀੜ-ਭੜੱਕੇ ਵਾਲੇ ਇਲਾਕਿਆਂ ’ਤੇ ਸਖ਼ਤ ਨਜ਼ਰ ਰੱਖ ਰਹੇ ਹਨ। ਏਐਮਯੂ ਦੇ ਬੁਲਾਰੇ ਅਸੀਮ ਸਿੱਦੀਕੀ ਨੇ ਦਸਿਆ ਕਿ ਈਮੇਲ ਵਿਚ ‘ਫ਼ਿਰੌਤੀ ਦੀ ਰਕਮ’ ਦਾ ਵੀ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ, ‘‘ਯੂਨੀਵਰਸਿਟੀ ਅਧਿਕਾਰੀਆਂ ਨੇ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿਤੀ, ਜਿਨ੍ਹਾਂ ਨੇ ਧਮਕੀ ਜਾਰੀ ਕਰਨ ਵਾਲੇ ਈ-ਮੇਲ ਆਈਡੀ ਦੇ ਸਰੋਤ ਦਾ ਪਤਾ ਲਗਾਉਣ ਲਈ ਸਾਈਬਰ ਕ੍ਰਾਈਮ ਸੈੱਲ ਨੂੰ ਵੀ ਸੂਚਿਤ ਕੀਤਾ ਹੈ।’’ ਪੁਲਿਸ ਨੇ ਕੈਂਪਸ ਦੇ ਅੰਦਰ ਮੁੱਖ ਸਥਾਨਾਂ ’ਤੇ ਡੌਗ ਸਕੁਐਡ ਨੂੰ ਸਰਗਰਮ ਕੀਤਾ ਅਤੇ ਹੋਰ ਸੇਵਾਵਾਂ ਵੀ ਸ਼ੁਰੂ ਕੀਤੀਆਂ। ਪੁਲਿਸ ਅਧਿਕਾਰ ਖੇਤਰ ਦੇ ਅਧਿਕਾਰੀ (ਸਿਵਲ ਲਾਈਨ) ਅਭੈ ਪਾਂਡੇ ਨੇ ਕਿਹਾ ਕਿ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਧਮਕੀ ਝੂਠੀ ਸੀ ਜਾਂ ਸ਼ਹਿਰ ਦੀ ਸ਼ਾਂਤੀ ਨੂੰ ਭੰਗ ਕਰਨ ਦੇ ਉਦੇਸ਼ ਨਾਲ ਦਿਤੀ ਗਈ ਸੀ।

## ਧੁੰਦ ਕਾਰਨ ਵੱਡਾ ਹਾਦਸਾ, PRTC ਬੱਸ ਅਤੇ ਟਰੈਕਟਰ ਟਰਾਲੀ ਵਿਚਾਲੇ ਹੋਈ ਭਿਆਨਕ ਟੱਕਰ, ਕੰਡਕਟਰ ਦੀ ਹੋਈ ਮੌਤ

**ਸੰਗਰੂਰ।** ਪੰਜਾਬ ਵਿਚ ਸੰਘਣੀ ਧੁੰਦ ਪੈ ਰਹੀ ਹੈ। ਜਿਸ ਨਾਲ ਕਈ ਥਾਵਾਂ 'ਤੇ ਭਿਆਨਕ ਹਾਦਸੇ ਵਾਪਰ ਰਹੇ ਹਨ। ਅਜਿਹਾ ਹੀ ਮਾਮਲਾ ਜ਼ਿਲ੍ਹਾ ਸੰਗਰੂਰ ਤੋਂ ਸਾਹਮਣੇ ਆਇਆ ਹੈ। ਜਿਥੇ ਪਿੰਡ ਬਹਾਦਰਪੁਰ ਨਜ਼ਦੀਕ ਪੀਆਰਟੀਸੀ ਦੀ ਬੱਸ ਅਤੇ ਟਰੈਕਟਰ ਟਰਾਲੀ ਵਿਚਾਲੇ ਭਿਆਨਕ ਟੱਕਰ ਹੋ ਗਈ। ਹਾਦਸੇ ਵਿਚ ਕੰਡਕਟਰ ਦੀ ਮੌਤ ਹੋ ਗਈ ਜਦਕਿ 11 ਵਿਅਕਤੀ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਸੜਕ ਸੁਰੱਖਿਆ ਫੋਰਸ ਦੀ ਮਦਦ ਨਾਲ ਸੰਗਰੂਰ ਦੇ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਮੌਕੇ ਉੱਤੇ ਪਹੁੰਚੀ ਗੁਰਦੁਆਰਾ ਮਸਤਮਾਨਾ ਸਾਹਿਬ ਦੀ ਐਂਬੂਲੈਂਸ ਵੀ ਹਾਦਸੇ ਦਾ ਸ਼ਿਕਾਰ ਹੋ ਗਈ। ਜ਼ਖ਼ਮੀਆਂ ਨੂੰ ਸੰਗਰੂਰ ਸਰਕਾਰੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਮੀਡੀਆ ਨਾਲ ਗੱਲ ਕਰਦੇ ਹੋਏ ਸੜਕ ਸੁਰੱਖਿਆ ਫੋਰਸ ਦੇ ਜਵਾਨ ਨੇ ਦੱਸਿਆ ਕਿ ਇਹ ਬੱਸ ਸੰਗਰੂਰ ਤੋਂ ਬਰਨਾਲੇ ਵੱਲ ਜਾ ਰਹੀ ਸੀ। ਜਿਸ ਦਾ ਸੰਘਣੀ ਧੁੰਦ ਕਾਰਨ ਇੱਟਾਂ ਵਾਲੀ ਟਰਾਲੀ ਨਾਲ ਐਕਸੀਡੈਂਟ ਹੋ ਗਿਆ। ਹਾਦਸੇ ਵਿਚ ਬੱਸ ਦੇ ਕੰਡਕਟਰ ਦੀ ਮੌਤ ਹੋ ਗਈ। ਬੱਸ ਵਿੱਚ ਬੈਠੀਆਂ ਸਵਾਰੀਆਂ ਨੇ ਦੱਸਿਆ ਕਿ ਬੱਸ ਬੜੇ ਆਰਾਮ ਨਾਲ ਜਾ ਰਹੀ ਸੀ ਪਰ ਟਰੈਕਟਰ ਚਾਲਕ ਨੇ ਇੱਕੋ ਦਮ ਹੀ ਸੜਕ ਉੱਤੇ ਟਰੈਕਟਰ ਟਰਾਲੀ ਚੜ੍ਹਾ ਦਿੱਤੇ। ਸੰਘਣੀ ਧੁੰਦ ਹੋਣ ਕਾਰਨ ਬੱਸ ਡਰਾਈਵਰ ਨੂੰ ਬੱਸ ਨਾ ਦਿੱਖੀ, ਜਿਸ ਕਾਰਨ ਇਹ ਹਾਦਸਾ ਵਾਪਰ ਗਿਆ।


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।



ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਫਗਵਾੜਾ ’ਚ ਵੱਡਾ ਰੇਲ ਹਾਦਸਾ, ਬ੍ਰੇਕ ਫੇਲ ਹੋਣ ਕਾਰਨ ਪਟੜੀ ਤੋਂ ਉਤਰੀ ਮਾਲ ਗੱਡੀ



**ਫਗਵਾੜਾ।** ਤੜਕਸਾਰ ਫਗਵਾੜਾ ’ਚ ਵੱਡਾ ਰੇਲ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਾਲ ਗੱਡੀ ਬ੍ਰੇਕ ਫੇਲ ਹੋਣ ਕਾਰਨ ਪਟੜੀ ਤੋਂ ਉਤਰੀ ਗਈ ਹੈ। ਦਸਿਆ ਜਾ ਰਿਹਾ ਹੈ ਕਿ ਮਾਲ ਗੱਡੀ ਫਿਲੌਰ ਤੋਂ ਜਲੰਧਰ ਵਲ ਜਾ ਰਹੀ ਸੀ। ਫ਼ਿਲਹਾਲ ਜਾਨੀ ਨੁਕ-ਸਾਨ ਤੋਂ ਬਚਾਅ ਰਿਹਾ ਹੈ। ਰੇਲਵੇ ਅਧਿਕਾਰੀਆਂ ਨੇ ਘਟਨਾ ਦੀ ਜਾਂਚ ਦੇ ਹੁਕਮ ਦਿਤੇ ਹਨ। ਇਸ ਘਟਨਾ ਕਾਰਨ ਹੋਰ ਰੇਲ ਗੱਡੀਆਂ ਵੀ ਪ੍ਰਭਾਵਿਤ ਹੋਈਆਂ। ਘਟਨਾ ਤੋਂ ਤੁਰਤ ਬਾਅਦ ਕੰਟਰੋਲ ਰੂਮ 'ਤੇ ਸੁਨੇਹਾ ਦਿਤਾ ਗਿਆ ਅਤੇ ਜਲੰਧਰ ਤੋਂ 'ਰੇਲ ਬਚਾਓ ਮੋਬਾਈਲ ਵੈਨ' ਨੂੰ ਰਵਾਨਾ ਕੀਤਾ ਗਿਆ। ਇਸ ਦੇ ਨਾਲ ਹੀ ਕਈ ਅਧਿਕਾਰੀਆਂ ਦੇ ਨਾਲ ਟੀਮ ਵੀ ਮੌਕੇ 'ਤੇ ਪਹੁੰਚ ਗਈ। ਮਾਲ ਗੱਡੀ ਨੂੰ ਵਾਪਸ ਪਟੜੀ 'ਤੇ ਲਿਆਂਦਾ ਗਿਆ ਅਤੇ ਟ੍ਰੈਕ ਨੂੰ ਸਾਫ਼ ਕਰ ਦਿਤਾ ਗਿਆ। ਦਸਿਆ ਜਾ ਰਿਹਾ ਹੈ ਕਿ ਮਾਮਲੇ ਨੂੰ ਲੈ ਕੇ ਫ਼ਿਰੋਜ਼ਪੁਰ ਡਵੀਜਨ ਦੇ ਸੀਨੀਅਰ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ ਸਨ। ਉਨ੍ਹਾਂ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ ਅਤੇ ਘਟਨਾ ਦੀ ਜਾਂਚ ਦੇ ਹੁਕਮ ਵੀ ਦਿਤੇ ਹਨ। ਇਹ ਅਣਗਹਿਲੀ ਕਿੱਥੇ ਹੋਈ ਅਤੇ ਇਸ ਦੇ ਕੀ ਕਾਰਨ ਸਨ, ਇਹ ਪਤਾ ਲਗਾਉਣ ਲਈ ਇੱਕ ਟੀਮ ਵੀ ਬਣਾਈ ਗਈ ਹੈ। ਦਸ ਦਈਏ ਕਿ ਪਿਛਲੇ ਸਾਲ ਜਲੰਧਰ ਸਿਟੀ ਰੇਲਵੇ ਸਟੇਸ਼ਨ ਦੇ ਯਾਰਡ ਏਰੀਏ 'ਚ ਸ਼ੰਟਿੰਗ ਦੌਰਾਨ ਦੋ ਵਾਰ ਮਾਲ ਗੱਡੀ ਦੇ ਡੱਬੇ ਪਟੜੀ ਤੋਂ ਉਤਰ ਗਏ ਸਨ। ਉਸ ਸਮੇਂ ਵੀ ਜਾਂਚ ਟੀਮਾਂ ਦਾ ਗਠਨ ਕੀਤਾ ਗਿਆ ਸੀ, ਜਿਸ ਵਿਚ ਰੇਲਵੇ ਜੰਕਸਨ ਦੀਆਂ ਸਮੱਸਿਆਵਾਂ ਸਾਹਮਣੇ ਆਈਆਂ ਸਨ। ਅਜਿਹੇ 'ਚ ਜਾਂਚ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲਗੇਗਾ ਕਿ ਇਹ ਘਟਨਾ ਕਿਵੇਂ ਅਤੇ ਕਿਸ ਕਾਰਨ ਘਟਨਾ ਵਾਪਰੀ।

# ਪਾਕਿ ਡਰੋਨ ਰਾਹੀਂ ਸੁੱਟਿਆ ਪਿਸਤੌਲ ਅਤੇ ਨਸ਼ੀਲੇ ਪਦਾਰਥ ਬਰਾਮਦ ਕੀਤੇ

**ਚੰਡੀਗੜ੍ਹ।** ਸੀਮਾ ਸੁਰੱਖਿਆ ਬਲ ਨੇ ਸਰਹੱਦ ’ਤੇ ਪਾਕਿਸਤਾਨੀ ਡਰੋਨ ਰਾਹੀਂ ਸੁੱਟੀ ਗਈ ਪਿਸਤੌਲ ਅਤੇ ਹੈਰੋਇਨ ਬਰਾਮਦ ਕੀਤੀ ਹੈ। ਬੀਐਸਐਫ ਨੇ ਕਿਹਾ ਕਿ ਦੋ ਅਪਰੇਸ਼ਨਾਂ ਵਿੱਚ ਸੈਨਿਕਾਂ ਨੇ ਪਾਕਿਸਤਾਨੀ ਡਰੋਨਾਂ ਰਾਹੀਂ ਸਰਹੱਦ ਪਾਰ ਤਸਕਰੀ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਵਿੱਚ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ। ਪਹਿਲੀ ਕਾਰਵਾਈ ਵਿੱਚ ਇੱਕ ਪਾਕਿਸਤਾਨੀ ਡਰੋਨ ਰਾਹੀਂ ਸੁੱਟੀ ਗਈ 520 ਗ੍ਰਾਮ ਹੈਰੋਇਨ ਦਾ ਇੱਕ ਪੈਕੇਟ, ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਖਾਨਵਾਲ ਤੋਂ ਬਰਾਮਦ ਕੀਤਾ ਗਿਆ ਸੀ। ਦੂਜੇ ਆਪ੍ਰੇਸ਼ਨ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਰਾਜਾਤਾਲ ਨੇੜੇ ਸਰਹੱਦੀ ਵਾੜ ਦੇ ਅੱਗੇ ਇੱਕ ਖੇਤ ਵਿੱਚੋਂ ਇੱਕ ਪੀਐਕਸ 5 ਸਟੌਰਮ ਪਿਸਤੌਲ 30 ਬੋਰ ਅਤੇ ਇੱਕ ਖਾਲੀ ਮੈਗਜ਼ੀਨ ਬਰਾਮਦ ਕੀਤਾ ਗਿਆ। ਅਰਧ ਸੈਨਿਕ ਬਲ ਨੇ ਅੱਗੇ ਕਿਹਾ ਕਿ ਇਹ ਬਰਾਮਦਗੀ ਬੀਐਸਐਫ ਦੀ ਤੁਰੰਤ ਕਾਰਵਾਈ ਅਤੇ ਤਸਕਰੀ ਦੀਆਂ ਅਜਿਹੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਸ ਦੇ ਜਵਾਨਾਂ ਦੀ ਚੌਕਸੀ ਨੂੰ ਦਰਸਾਉਂਦੀ ਹੈ।

# ਮੇਰਠ ’ਚ ਇਕੋ ਪਰਵਾਰ ਦੇ ਪੰਜ ਮੈਂਬਰਾਂ ਦਾ ਕਤਲ, ਬੈੱਡ ’ਤੇ ਪਈਆਂ ਮਿਲੀਆਂ ਲਾਸ਼ਾਂ

**ਮੇਰਠ।** ਉੱਤਰ ਪ੍ਰਦੇਸ਼ ’ਚ ਮੇਰਠ ਜ਼ਿਲ੍ਹੇ ਦੇ ਲਿਸਾੜੀ ਗੇਟ ਦੇ ਸੁਹੇਲ ਗਾਰਡਨ ਇਲਾਕੇ ’ਚ ਇਕ ਹੀ ਪਰਵਾਰ ਦੇ 5 ਮੈਂਬਰਾਂ ਦਾ ਬੇਰਹਿਮੀ ਨਾਲ ਕਤਲ ਕਰ ਦਿਤਾ ਗਿਆ। ਪੁਲਿਸ ਮੁਤਾਬਕ ਵੀਰਵਾਰ ਦੇਰ ਰਾਤ ਮੋਇਨ, ਉਸ ਦੀ ਪਤਨੀ ਆਸਮਾ ਅਤੇ ਉਨ੍ਹਾਂ ਦੀਆਂ ਤਿੰਨ ਜਵਾਨ ਧੀਆਂ ਦੀਆਂ ਲਾਸ਼ਾਂ 15 ਫੁੱਟਾ ਰੋਡ ਸਥਿਤ ਉਨ੍ਹਾਂ ਦੇ ਘਰ ਦੇ ਅੰਦਰੋਂ ਮਿਲੀਆਂ। ਇਹ ਦੁਖਦਾਈ ਘਟਨਾ ਉਸ ਸਮੇਂ ਸਾਹਮਣੇ ਆਈ ਜਦੋਂ ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਨੂੰ ਸਾਰਾ ਦਿਨ ਘਰ ਦੇ ਦਰਵਾਜ਼ੇ ਬੰਦ ਰਿਹਣ ’ਤੇ ਸ਼ੱਕ ਹੋਇਆ, ਜਿਸ ਤੋਂ ਬਾਅਦ ਉਨ੍ਹਾਂ ਦੇ ਸ਼ੋਰ ਮਚਾਇਆ। ਪੰਜ ਮੈਂਬਰਾਂ ਦੀਆਂ ਲਾਸ਼ਾਂ ਬੈੱਡ ’ਤੇ ਪਈਆਂ ਮਿਲੀਆਂ। ਪੁਲਿਸ ਨੇ ਮਾਮਲੇ 'ਚ ਤਿੰਨ ਲੋਕਾਂ ਨੂੰ ਨਾਮਜ਼ਦ ਕੀਤਾ ਹੈ ਅਤੇ ਕੁਝ ਅਣਪਛਾਤੇ ਲੋਕਾਂ ਵਿਰੁਧ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਇਨ੍ਹਾਂ ਵਿਚੋਂ ਦੋ ਨਾਮਜ਼ਦ ਮੁਲਜ਼ਮਾਂ ਨੂੰ ਹਿਰਾਸਤ ਵਿਚ ਲੈ ਕੇ ਪੁਛ ਗਿਛ ਕਰ ਰਹੀ ਹੈ। ਇਹ ਜਾਣਕਾਰੀ ਸ਼ੁਕਰਵਾਰ ਸਵੇਰੇ ਇਕ ਪੁਲਿਸ ਅਧਿਕਾਰੀ ਨੇ ਦਿਤੀ। ਪੁਲਿਸ ਦੀ ਮੁੱਢਲੀ ਜਾਂਚ ਤੋਂ



ਪਤਾ ਲੱਗਾ ਹੈ ਕਿ ਇਹ ਕਤਲ ਜਾਇਦਾਦ ਨੂੰ ਲੈ ਕੇ ਪ੍ਰਵਾਰਕ ਝਗੜੇ ਕਾਰਨ ਹੋਏ ਹਨ। ਮੋਇਨ ਨੇ ਹਾਲ ਹੀ ਵਿਚ ਇਕ ਪਲਾਟ ਖ਼੍ਰੀਦਿਆ ਸੀ ਅਤੇ ਅਪਣੇ ਘਰ ਦੀ ਉਸਾਰੀ ਸ਼ੁਰੂ ਕੀਤੀ ਸੀ। ਪੁਲਿਸ ਨੇ ਪਰਵਾਰ ਦੇ 20 ਮੈਂਬਰਾਂ ਤੋਂ ਪੁਛ ਗਿਛ ਕੀਤੀ ਅਤੇ ਪ੍ਰਗਟਾਵਾ ਕੀਤਾ ਕਿ ਇਹ ਜਾਨਲੇਵਾ ਘਟਨਾ ਜਾਇਦਾਦ ਦੀ ਮਾਲਕੀ ਨੂੰ ਲੈ ਕੇ ਅੰਦਰੂਨੀ ਮਤਭੇਦ ਕਾਰਨ ਵਾਪਰੀ ਹੋ ਸਕਦੀ ਹੈ। ਮੂਲ ਰੂਪ ਵਿਚ ਰੁੜਕੀ ਦਾ ਰਹਿਣ ਵਾਲਾ ਇਹ ਪਰਵਾਰ ਅਪਣੇ ਜੱਦੀ ਪਿੰਡ ਦੀ ਜ਼ਮੀਨ ਵੇਚ ਕੇ ਇੱਥੇ ਲਿਸੜੀ ਗੇਟ ਇਲਾਕੇ ਦੇ ਸੁਹੇਲ ਗਾਰਡਨ ਵਿਚ ਆ ਕੇ ਵਸਿਆ ਸੀ। ਮੋਈਨ ਅਤੇ ਅਸਮਾ ਦੇ ਵਿਆਹ ਨੂੰ ਦਸ ਸਾਲ ਹੋ ਗਏ ਸਨ ਅਤੇ ਉਨ੍ਹਾਂ ਦੀਆਂ ਤਿੰਨ ਧੀਆਂ ਸਨ, ਨੌਂ ਸਾਲ ਦੀ ਅਕਸਾ, ਤਿੰਨ ਸਾਲ ਦੀ ਅਜ਼ੀਜ਼ਾ ਅਤੇ ਇਕ ਸਾਲ ਦੀ ਅਲੀਜ਼ਾਬਾ। ਅਸਮਾ ਮੋਇਨ ਦੀ ਤੀਜੀ ਪਤਨੀ ਸੀ, ਜਦਕਿ ਇਹ ਉਨ੍ਹਾਂ ਦਾ ਦੂਜਾ ਵਿਆਹ ਸੀ। ਸੀਨੀਅਰ ਪੁਲਿਸ ਕਪਤਾਨ ਡਾ: ਵਿਪਿਨ ਟਾਡਾ ਨੇ ਦਸਿਆ ਕਿ ਲੀਸਾੜੀ ਗੇਟ ਅਤੇ ਮੈਡੀਕਲ ਸਮੇਤ ਕਈ ਥਾਣਿਆਂ ਦੀ ਪੁਲਿਸ ਟੀਮਾਂ ਡੂੰਘੀ ਜਾਂਚ ਅਤੇ ਭਾਈਚਾਰਕ ਸੁਰੱਖਿਆ ਨੂੰ ਬਰਕਰਾਰ ਰੱਖਣ ਲਈ ਤਾਇਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਦਸਿਆ ਕਿ ਬੀਤੀ ਰਾਤ ਪੰਜਾਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿਤਾ ਗਿਆ ਅਤੇ ਅੱਜ ਸਵੇਰੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਸੌਂਪ ਦਿਤਾ ਗਿਆ। ਉਨ੍ਹਾਂ ਕਿਹਾ ਕਿ ਘਟਨਾ ਦੇ ਪਿੱਛੇ ਅਸਲ ਕਾਰਨਾਂ ਦਾ ਪਤਾ ਲਗਾਉਣ ਅਤੇ ਦੋਸ਼ੀਆਂ ਦੀ ਪਛਾਣ ਕਰਨ ਲਈ ਪੁਲਿਸ ਵਲੋਂ ਕੋਸ਼ਿਸ਼ਾਂ ਜਾਰੀ ਹਨ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਚਹਿਲ ਫਾਊਂਡੇਸ਼ਨ ਵੱਲੋਂ ਨਵਜਾਤ ਧੀਆਂ ਦੀ ਲੋਹੜੀ ਮਨਾਉਣ ਦਾ ਪ੍ਰੋਗਰਾਮ ਲਗਾਤਾਰ ਜਾਰੀ





**ਭੀਖੀ ( ਕਮਲ ਜਿੰਦਲ )** ਬੇਟੀ ਬਚਾਉ ਬੇਟੀ ਪੜ੍ਹਾਉ ਦੇਸ਼ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਵੱਲੋ ਦਿੱਤੇ ਗਏ ਸੁਨੇਹੇ ਤਹਿਤ ਚਹਿਲ ਫਾਊਂਡੇਸ਼ਨ ਸਮਾਉ ਨੇ ਪਿੰਡ ਬੱਪੀਆਣਾ ਵਿਖੇ,ਖਿੱਲਣ, ਚਕੇਰੀਆਂ,ਕੋਟ ਲੱਲੂ ,ਦਲੇਲ ਸਿੰਘ ਵਾਲਾ ,ਮੂਲਾ ਸਿੰਘ ਵਾਲਾ , ਕਿਸ਼ਨਗੜ੍ਹ ਫਰਵਾਹੀ ਵਿਖੇ 1 ਸਾਲ ਵਿੱਚ ਪੈਦਾ ਹੋਈਆ 42 ਨਵ ਜੰਮੀਆ ਧੀਆਂ ਦੀ ਸਾਂਝੀ ਲੋਹੜੀ ਮਨਾਈ ਗਈ । ਧੀਆ ਦੀ ਲੋਹੜੀ ਦੀ ਸੁਰੂਆਤ ਗੁਰੂਦੁਆਰਾ ਸਾਹਿਬ ਦੇ ਗ੍ਰੰਥੀ ਜਥੇਦਾਰ ਤਰਸਪਾਲ ਸਿੰਘ ਬੱਪੀਆਣਾ , ਭਝਫ ਦੇ ਕਿਸਾਨ ਵਿੰਗ ਦੇ ਜਿਲ੍ਹਾ ਪ੍ਰਧਾਨ ਸਾਬਕਾ ਸਰਪੰਚ ਕੁਲਦੀਪ ਸਿੰਘ , ਗੁਰੂਘਰ ਦੇ ਪ੍ਰਧਾਨ ਅਮਰੀਕ ਸਿੰਘ , ਕਰਨੈਲ ਸਿੰਘ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਬੱਪੀਆਣਾ ਮੱਘਰ ਸਿੰਘ ਸਾਬਕਾ ਪੰਚ , ਜਗਸੀਰ ਸਿੰਘ ਸਾਬਕਾ ਪੰਚ , ਦਲਜੀਤ ਸਿੰਘ ਸਾਬਕਾ ਪੰਚ, ਜਸਵਿੰਦਰ ਸਿੰਘ , ਗੁਰਪ੍ਰੀਤ ਸਿੰਘ ਸੇਖੋ , ਦਲਜੀਤ ਸਿੰਘ ਜਿਲ੍ਹਾ ਖਜਾਨਚੀ BJP ਆਦਿ ਨੇ ਰਿਬਨ ਕੱਟ ਕੇ ਸ਼ੁਰੂਆਤ ਕੀਤੀ । ਇਸ ਸਮੇ ਸੰਸਥਾ ਦੇ ਚੈਅਰਮੈਨ ਡਾਂ ਗੁਰਤੇਜ ਸਿੰਘ ਚਹਿਲ ਸਾਬਕਾ ਸਰਪੰਚ ਸਮਾਉ ਬੀਜੇਪੀ ਢੈਪਈ ਦੇ ਮੰਡਲ ਪ੍ਰਧਾਨ ਅਤੇ ਆਂਗਨਵਾੜੀ ਵਰਕਰ ਜਸਵੰਤ ਕੌਰ ਫਰਵਾਹੀ ਨੇ ਨਵਜੰਮੀਆਂ ਧੀਆ ਨੂੰ ਅਤੇ ਮਾਪਿਆ ਨੂੰ ਲੋਹੜੀ ਦੀਆ ਵਧਾਈਆ ਦਿੱਤੀਆ। ਬਾਬਾ ਸੁੱਚਾ ਸਿੰਘ ਨਰਸਿੰਗ ਕਾਲਜ ਦੇ ਸਟਾਫ ਪ੍ਰਭਜੋਤ ਕੌਰ ਅਤੇ ਰਜਿੰਦਰ ਕੌਰ ਦੀ ਦੇਖਰੇਖ ਹੇਠ ਕਾਲਜ ਦੀਆ ਵਿਦਿਆਰਥਣਾ ਨੇ ਲੋਹੜੀ ਨਾਲ ਸੰਬੰਧਤ ਪ੍ਰੋਗਰਾਮ ਪੇਸ਼ ਕੀਤੇ ਗਏ । ਧੀਆ ਦੀ ਲੋਹੜੀ ਡਾਂ ਗੁਰਤੇਜ ਸਿੰਘ ਚਹਿਲ ਅਤੇ ਭਝਫ ਦੇ ਮੰਡਲ ਪ੍ਰਧਾਨ ਇਕਬਾਲ ਸਿੰਘ ਫਫੜ੍ਹੇ ਭਾਈਕੇ ਨੇ ਲੋਹੜੀ ਬਾਲੀ ਅਤੇ ਸੰਸਥਾ ਵੱਲੋ ਨਵ ਜੰਮੀਆ ਧੀਆ ਨੂੰ ਝੂਲੇ ਤੋਹਫ਼ੇ ਆਦਿ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬੱਪੀਆਣਾ ਦੇ ਪ੍ਰਬੰਧਕਾ ਵੱਲੋ ਚਾਹ ਦੇ ਲੰਗਰ ਦੇ ਨਾਲ ਨਾਲ ਆਈਆ ਸੰਗਤਾ ਨੂੰ ਮੂੰਗਫਲੀਆਂ ਅਤੇ ਰਿਉੜੀਆਂ ਵੰਡੀਆ ਗਈਆ। ਪ੍ਰੋਗਰਾਮ ਦੇ ਅਖੀਰ ਵਿਚ ਆਫਤਾਬ ਸਿੰਘ ਚਹਿਲ ,ਸੰਦੀਪ ਸਿੰਘ ਪੰਚ,ਗੁਰਮੀਤ ਸਿੰਘ ਸਾਬਕਾ ਪ੍ਰਧਾਨ ਨੇ ਪਹੁੰਚੀਆਂ ਸੰਗਤਾ ਦਾ ਧੰਨਵਾਦ ਕੀਤਾ ।

# ਸ. ਜਗਦੇਵ ਸਿੰਘ ਜੱਸੋਵਾਲ ਨੇ ਤ੍ਰੈਕਾਲ ਦਰਸ਼ੀ ਸੱਭਿਆਚਾਰਕ ਆਗੂ ਵਜੋਂ ਪੰਜਾਬ ਨੂੰ ਸੰਕਟ ਵਿੱਚ ਵੀ ਜਿਊਣਾ ਸਿਖਾਇਆ – ਪ੍ਰੋ. ਗੁਰਭਜਨ ਸਿੰਘ ਗਿੱਲ



**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮਾਲਵਾ ਸੱਭਿਆਚਾਰ ਮੰਚ(ਰਜਿ:) ਵੱਲੋਂ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਦੀ ਚੇਅਰਮੈਨ ਸ਼ਿਪ ਹੇਠ ਪੰਜਾਬੀ ਭਵਨ ਲੁਧਿਆਣਾ ਦੇ ਡਾ. ਮ ਸ ਰੰਧਾਵਾ ਹਾਲ ਵਿੱਚ 11 ਜਨਵਰੀ ਨੂੰ ਗੁਰੂ ਨਾਨਕ ਭਵਨ ਵਿੱਚ ਹੋ ਰਹੇ ਲੋਹੜੀ ਮੇਲਾ 2025 ਤੋਂ ਇੱਕ ਦਿਨ ਪਹਿਲਾਂ " ਯਾਦਾਂ ਜੱਸੋਵਾਲ ਦੀਆਂ" ਸਮਾਗਮ ਵਿੱਚ ਬੋਲਦਿਆਂ ਮੰਚ ਦੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਸ. ਜਗਦੇਵ ਸਿੰਘ ਜੱਸੋਵਾਲ ਸਿਰਫ਼ ਸਿਆਸਤਦਾਨ ਜਾਂ ਵਕੀਲ ਹੀ ਨਹੀਂ ਸਨ ਸਗੋਂ ਤ੍ਰੈਕਾਲ ਦਰਸ਼ੀ ਸੱਭਿਆਚਾਰਕ ਆਗੂ ਸਨ। ਉਨ੍ਹਾਂ ਪ੍ਰੋ. ਮੋਹਨ ਸਿੰਘ ਯਾਦਗਾਰੀ ਸੱਭਿਆਚਾਰਕ ਮੇਲੇ ਦਾ 1978 ਵਿੱਚ ਆਰੰਭ ਕਰਕੇ ਸਮੂਹ ਪੰਜਾਬੀਆਂ ਨੂੰ ਸੰਕਟ ਦੀ ਘੜੀ ਵਿੱਚ ਵੀ ਨੱਚਣਾ, ਗਾਉਣਾ ਤੇ ਰਲ ਮਿਲ ਬਹਿਣਾ ਸਿਖਾਇਆ। ਪ੍ਰੋ. ਮੋਹਨ ਸਿੰਘ ਮੇਲੇ ਦੀ ਤਰਜ਼ ਤੇ ਪੰਜਾਬ ਵਿੱਚ ਲਗਪਗ ਹਰ ਜ਼ਿਲ੍ਹੇ ਵਿੱਚ ਕਿਸੇ ਨਾ ਕਿਸੇ ਲਿਖਾਰੀ, ਖਿਡਾਰੀ ਜਾਂ ਦੇਸ਼ ਭਗਤ ਦੇ ਨਾਮ ਤੇ ਉਨ੍ਹਾਂ ਮੇਲੇ ਆਰੰਭ ਕਰਵਾਏ। ਸ. ਜੱਸੋਵਾਲ ਦੇਸ਼ ਵਿੱਚ ਸਭ ਤੋਂ ਪਹਿਲਾਂ 1967 ਵਿੱਚ ਬਣੀ ਪਹਿਲੀ ਗੈਰ ਕਾਂਗਰਸੀ ਯੂਨਾਈਟਿਡ ਫਰੰਟ ਸਰਕਾਰ ਵਿੱਚ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਜੀ ਦੇ ਪਹਿਲੇ ਸਿਆਸੀ ਸਲਾਹਕਾਰ ਸਨ। ਗੁਰੂ ਨਾਨਕ ਦੇਵ ਜੀ ਦੀ 500 ਸਾਲਾਂ ਜਨਮ ਸ਼ਤਾਬਦੀ ਵੇਲੇ ਉਨ੍ਹਾਂ ਦੀ ਪ੍ਰੇਰਨਾ ਤੇ ਸਲਾਹ ਨਾਲ ਹੀ ਸੂਬਾ ਸਰਕਾਰ ਨੇ 50 ਤੋਂ ਵੱਧ ਗੁਰੂ ਨਾਨਕ ਕਾਲਿਜ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ। ਪੰਜਾਬ ਦੇ ਸਾਬਕਾ ਤਕਨੀਕੀ ਸਿੱਖਿਆ ਮੰਤਰੀ ਸ. ਮਲਕੀਤ ਸਿੰਘ ਦਾਖਾ ਨੇ ਕਿਹਾ ਕਿ ਸ. ਜਗਦੇਵ ਸਿੰਘ ਜੱਸੋਵਾਲ ਸਾਡੇ ਸਭ ਲਈ ਰਾਹ ਦਿਸੇਰਾ ਤੇ ਸੰਕਟ ਮੋਚਨ ਸਨ। ਉਨ੍ਹਾਂ ਦੀ ਦੂਰ ਦ੍ਰਿਸ਼ਟੀ ਕਾਰਨ ਹੀ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਬਸੀਆਂ ਕੋਠੀ ਰਾਏਕੋਟ ਵਰਗੇ ਪ੍ਰਾਜੈਕਟ ਸਿਰੇ ਚੜ੍ਹੇ। ਉਨ੍ਹਾਂ ਨਾਲ ਅਮਰੀਕਾ ਕੈਨੇਡਾ ਯਾਤਰਾ ਦੌਰਾਨ ਮੈਂ ਖ਼ੁਦ ਵੇਖਿਆ ਕਿ ਉਹ ਵਿਸ਼ਵ ਨਾਗਰਿਕ ਸਨ। ਦੁਨੀਆ ਦੇ ਹਰ ਦੇਸ਼ ਤੇ ਸ਼ਹਿਰ ਵਿੱਚ ਉਨ੍ਹਾਂ ਦੇ ਕਦਰਦਾਨ ਵੱਸਦੇ ਸਨ। ਮਾਲਵਾ ਸੱਭਿਆਚਾਰ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਕਿਹਾ ਕਿ 1980 ਤੋਂ ਸ. ਜਗਦੇਵ ਸਿੰਘ ਜੱਸੋਵਾਲ ਦੇ ਆਖ਼ਰੀ ਸਾਹਾਂ ਤੀਰ ਉਹ ਉਨ੍ਹਾਂ ਤੋਂ ਹਰ ਖੇਤਰ ਵਿੱਚ ਅਗਵਾਈ ਲੈਂਦੇ ਰਹੇ। ਬਾਬਾ ਬੰਦਾ ਸਿੰਘ ਬਹਾਦਰ ਜੀ ਬਾਰੇ ਸੰਸਥਾਗਤ ਕੰਮ ਕਰਨ ਦੀ ਪ੍ਰੇਰਨਾ ਵੀ ਉਨ੍ਹਾਂ ਨੇ ਹੀ ਦਿੱਤੀ। ਹਰ ਸਾਲ ਧੀਆਂ ਦੀ ਲੋਹੜੀ ਮਨਾਉਣ ਦਾ ਸੁਪਨਾ ਤੇ ਸੰਕਲਪ ਵੀ ਉਨ੍ਹਾਂ ਨੇ ਹੀ ਸਾਨੂੰ ਦਿੱਤਾ। ਉਹ ਨਿਸ਼ਕਾਮ ਬਾਬਲ ਸਨ। ਸੈਕਰਾਮੈਂਟੋ (ਅਮਰੀਕਾ ) ਤੋਂ ਆਏ ਪ੍ਰਸਿੱਧ ਪੱਤਰਕਾਰ ਸ. ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸ. ਜੱਸੋਵਾਲ ਸੱਭਿਆਚਾਰ ਦੇ ਬੇਤਾਜ ਬਾਦਸ਼ਾਹ ਸਨ। ਉਨ੍ਹਾਂ ਦੀ ਬੁੱਕਲ ਵਿੱਚ ਨਾਮਵਰ ਗਾਇਕ, ਸਾਜ਼ਿੰਦੇ, ਲੇਖਕ, ਪੱਤਰਕਾਰ ਤੇ ਸਮਾਜਿਕ ਆਗੂ ਨਿੱਘ ਮਹਿਸੂਸ ਕਰਦੇ ਸਨ। ਉਨ੍ਹਾਂ ਦੀ ਸੰਗਤ ਹਰ ਪਲ ਕੁਝ ਨਾ ਕੁਝ ਸਿਖਾਉਂਦੀ ਸੀ। ਸ. ਜਗਦੇਵ ਸਿੰਘ ਜੱਸੋਵਾਲ ਦੇ ਪੋਤਰੇ ਸ. ਅਮਰਿੰਦਰ ਸਿੰਘ ਜੱਸੋਵਾਲ ਨੇ ਕਿਹਾ ਕਿ ਮੇਰੇ ਦਾਦਾ ਜੀ ਸਾਡੇ ਪਰਿਵਾਰ ਦੇ ਹੀ ਨਹੀਂ, ਪੂਰੇ ਪੰਜਾਬੀ ਸੰਸਾਰ ਦੇ ਹਰਮਨ ਪਿਆਰੇ ਸਨ। ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਕਈ ਗਾਇਕ, ਲੇਖਕ ਤੇ ਸੱਭਿਆਚਾਰਕ ਕਾਮੇ ਨਿਆਸਰਾ ਮਹਿਸੂਸ ਕਰਦੇ ਹਨ। ਡੀ ਏ ਵੀ ਸੰਸਥਾਵਾਂ ਦੇ ਕੌਮੀ ਨਿਰਦੇਸ਼ਕ ਰਹੇ ਡਾ. ਸਤੀਸ਼ ਕੁਮਾਰ ਸ਼ਰਮਾ,ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਸਤਿਬੀਰ ਸਿੰਘ ਸਿੱਧੂ ਪੰਜਾਬੀ ਟ੍ਰਿਬਿਉਨ,ਤ੍ਰੈਲੋਚਨ ਲੋਚੀ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਲੁਧਿਆਣਾ ਦੇ ਸਾਬਕਾ ਡੀ ਪੀ ਆਰ ਓ ਸ. ਦਰਸ਼ਨ ਸਿੰਘ ਸ਼ੰਕਰ,ਪੰਜਾਬੀ ਕਵੀ ਅਮਰਜੀਤ ਸ਼ੇਰਪੁਰੀ, ਕੈਨੇਡਾ ਤੋਂ ਆਏ ਸਮਾਜ ਸੇਵੀ ਰਵਿੰਦਰ ਸਿਆਣ ਤੇ ਗੁਰਦੇਵ ਮੁੱਲਾਪੁਰੀ ਨੇ ਵੀ ਸ. ਜੱਸੋਵਾਲ ਨਾਲ ਗੁਜ਼ਾਰੇ ਪਲਾਂ ਨੂੰ ਯਾਦ ਕੀਤਾ। ਇਸ ਮੌਕੇ ਗੁਰਜਤਿੰਦਰ ਸਿੰਘ ਰੰਧਾਵਾ,ਤ੍ਰੈਲੋਚਨ ਲੋਚੀ, ਡਾ. ਗੁਲਜ਼ਾਰ ਸਿੰਘ ਪੰਧੇਰ, ਸ. ਦਰਸ਼ਨ ਸਿੰਘ ਸ਼ੰਕਰ, ਡਾ. ਜਗਤਾਰ ਸਿੰਘ ਸਾਬਕਾ ਚੀਫ਼ ਲਾਇਬ੍ਰੇਰੀਅਨ,ਪੰਜਾਬੀ ਯੂਨੀਵਰਸਿਟੀ ਪਟਿਆਲਾ, ਰਵਿੰਦਰ ਸਿਆਣ ਨੂੰ ਲੋਹੜੀ ਮੇਲੇ ਦੀਆਂ ਗਾਗਰਾਂ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮਾਲਵਾ ਸੱਭਿਆਚਾਰ ਮੰਚ ਦੇ ਪ੍ਰਧਾਨ ਸ. ਜਸਬੀਰ ਸਿੰਘ ਰਾਣਾ ਝਾਂਡੇ, ਮਿਲਕ ਪਲਾਂਟ ਲਿਧਿਆਣਾ ਦੇ ਡਾਇਰੈਕਟਰ ਸ. ਰਛਪਾਲ ਸਿੰਘ ਤਲਵਾੜਾ, ਪ੍ਰਸਿੱਧ ਖੇਡ ਪ੍ਰਮੋਟਰ ਤੇ ਲੇਖਕ ਜਗਰੂਪ ਸਿੰਘ ਜਰਖੜ, ਸੁਖਵਿੰਦਰ ਸਿੰਘ ਬਸੈਮੀ, ਇੰਦਰਜੀਤ ਕੌਰ ਓਬਰਾਏ, ਨਿੱਕੀ ਕੋਹਲੀ, ਰੇਸ਼ਮ ਸਿੰਘ ਸੱਗੂ, ਨਹਿੰਦਰ ਮਹਿੰਦਰੂ ਗੌਰਵ, ਸ਼ਾਲਿਨੀ, ਸਿੰਮੀ ਕਵਾਤੜਾ, ਸੋਨੀਆ ਅਲੱਗ, ਲਖਵਿੰਦਰ ਸਿੰਘ,ਅਰਜੁਨ ਬਾਵਾ ਵੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਾਬਾ ਲੀਡਰ ਸਿੰਘ ਸੈਫਲਾਬਾਦ ਵੱਲੋਂ ਸਾਂਝਾ ਅਧਿਆਪਕ ਦਲ ਪੰਜਾਬ ਦਾ ਸਲਾਨਾ ਕੈਲੰਡਰ ਲੋਕ ਅਰਪਿਤ

**ਕਪੂਰਥਲਾ, (ਕੌੜਾ)–** ਅਧਿਆਪਕ ਵਰਗ ਦੀ ਸਿਰਮੌਰ ਜਥੇਬੰਦੀ ਸਾਂਝਾ ਅਧਿਆਪਕ ਦਲ ਪੰਜਾਬ ਦਾ ਸਲਾਨਾ ਕੈਲੰਡਰ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਗੁਰਪੁਰਬ ਨੂੰ ਸਾਲ 2025 ਦਾ ਸਮਰਪਿਤ ਕੈਲੰਡਰ ਨੂੰ ਲੋਕ ਅਰਪਿਤ ਕਰਨ ਦੀ ਰਸਮ ਬਾਬਾ ਲੀਡਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਛੇਵੀਂ ਸੈਫਲਾਬਾਦ ਤੇ ਟਾਹਲੀ ਸਾਹਿਬ ਬਲੇਰਖਾਨਪੁਰ ਵਾਲਿਆਂ ਨੇ ਕੀਤੀ । ਇਸ ਮੌਕੇ ਬੋਲਦਿਆਂ ਉਹਨਾਂ ਅਧਿਆਪਕ ਭਾਈਚਾਰੇ ਨੂੰ ਵਧਾਈ ਦਿੱਤੀ ਤੇ ਆਸ ਪ੍ਰਗਟ ਕੀਤੀ ਕਿ ਉਹ ਸਰਕਾਰ ਵੱਲੋਂ ਮਿਥੇ ਟੀਚਿਆਂ ਨੂੰ ਹੇਠਲੇ ਪੱਧਰ ਤੇ ਸਫਲਤਾ ਪੂਰਵਕ ਲਾਗੂ ਕਰਨ ਲਈ ਯਤਨ ਕਰਨ ਉਹਨਾਂ ਅਧਿਆਪਕਾਂ ਦੇ ਹੱਕਾਂ ਤੇ ਅਧਿਕਾਰਾਂ ਲਈ ਸਾਂਝਾ ਅਧਿਆਪਕ ਦਲ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਸਾਂਝਾ ਅਧਿਆਪਕ ਦਲ ਪੰਜਾਬ ਦੇ ਜ਼ਿਲ੍ਹਾ ਕਨਵੀਨਰ ਸੁਖਦਿਆਲ ਸਿੰਘ ਝੰਡ ਤੇ ਸਰਦਾਰ ਭਜਨ ਸਿੰਘ ਮਾਨ ਦੀ ਅਗਵਾਈ ਵਿੱਚ ਹੋਏ ਸੰਖੇਪ ਜਿਹੇ ਸਮਾਗਮ ਵਿੱਚ ਬਾਬਾ ਲੀਡਰ



ਸਿੰਘ ਜੀ ਨੇ ਸਮੁੱਚੀ ਮਾਨਵਤਾ ਤੇ ਜਥੇਬੰਦੀ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਇਸ ਮੌਕੇ ਸਾਂਝਾ ਅਧਿਆਪਕ ਦਲ ਪੰਜਾਬ ਦੇ ਆਗੂਆਂ ਨੇ ਬਾਬਾ ਲੀਡਰ ਸਿੰਘ ਜੀ ਨੂੰ ਫੁੱਲਾਂ ਦਾ ਗੁਲਦਸਤਾ, ਲੋਈ ਤੇ ਗੁਰੂ ਮਹਾਰਾਜ ਦੀ ਬਖਸ਼ਿਸ਼ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ ਤੇ ਬਾਬਾ ਲੀਡਰ ਸਿੰਘ ਜੀ ਨੇ ਵੀ ਸਮੁੱਚੇ ਦਲ ਦੇ ਮੈਂਬਰਾਂ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਇਸ ਮੌਕੇ ਰਮੇਸ਼ ਕੁਮਾਰ ਭੇਟਾ, ਹਰਦੇਵ ਸਿੰਘ ਖਾਨੋਵਾਲ, ਡਾਕਟਰ ਅਰਵਿੰਦਰ ਸਿੰਘ ਭਰੋਤ, ਮਨੂੰ ਕੁਮਾਰ ਪਰਾਸ਼ਰ , ਕਮਲਜੀਤ ਸਿੰਘ ਮੇਜਰਵਾਲ ,ਵੱਸਣਦੀਪ ਸਿੰਘ ਜੱਜ, ਇੰਦਰਜੀਤ ਸਿੰਘ ਖਹਿਰਾ, ਸੁਖਜਿੰਦਰ ਸਿੰਘ ਢੋਲਨ,ਸੁਰਜੀਤ ਸਿੰਘ ਲਖਨਪਾਲ ,ਅਮਰਜੀਤ ਕਾਲਾ ਸੰਘਿਆ ,ਅਮਰਜੀਤ ਸਿੰਘ ਸੰਧੂ ਚੱਠਾ, ਰਾਜਨਜੋਤ ਸਿੰਘ ਖਹਿਰਾ, ਰਕੇਸ਼ ਸਾਨਿਅਲ, ਅਮਨਦੀਪ ਸਿੰਘ ਵੱਲਣੀ, ਗੁਰਵਿੰਦਰ ਸਿੰਘ ਉੱਚਾਬੇਟ ,ਗੁਰਮੀਤ ਸਿੰਘ ਖਾਲਸਾ ਰੋਸ਼ਨ ਲਾਲ ਸੈਫਲਾਬਾਦ ਹਾਜਰ ਸਨ।

# ਟੀ.ਬੀ ਮੁਕਤ ਅਭਿਆਨ ਤਹਿਤ ਬਿਰਧ ਆਸ਼ਰਮ ਰਾਮ ਕਲੋਨੀ ਕੈਂਪ ਵਿਖੇ ਲਗਾਇਆ ਗਿਆ ਸਕ੍ਰੀਨਿੰਗ ਕੈਂਪ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਤੇ ਜ਼ਿਲ੍ਹਾ ਟੀ.ਬੀ ਕੰਟਰੋਲ ਅਫਸਰ ਡਾ.ਸ਼ਕਤੀ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਰਾਸ਼ਟਰੀ ਤਪਦਿਕ ਅਲੀਮੀਨੇਸ਼ਨ ਪ੍ਰੋਗਰਾਮ ਤਹਿਤ ਬਲਾਕ ਹਾਰਟਾ ਬਡਲਾ ਵਿੱਚ 100 ਦਿਨਾਂ ਟੀ.ਬੀ ਮੁਕਤ ਅਭਿਆਨ ਤਹਿਤ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਮੁਹਿੰਮ ਤਹਿਤ ਅੱਜ ਬਿਰਧ ਆਸ਼ਰਮ ਰਾਮ ਕਲੋਨੀ ਕੈਂਪ ਵਿਖੇ ਬਜ਼ੁਰਗਾਂ ਲਈ ਵਿਸ਼ੇਸ਼ ਟੀ.ਬੀ ਸਕ੍ਰੀਨਿੰਗ ਕੈਪ ਲਗਾਇਆ ਗਿਆ ਜਿਸ 22 ਬਜ਼ੁਰਗਾਂ ਦੇ ਸਪੂਟਮ ਦੇ ਸੈਂਪਲ ਲਏ ਗਏ। ਇਸ ਮੌਕੇ ਟੀ.ਬੀ ਦੀ ਬੀਮਾਰੀ ਬਾਰੇ ਜਾਗਰੂਕ ਕਰਦਿਆਂ ਮੈਡੀਕਲ ਅਫਸਰ ਡਾ.ਰੋਜ਼ੀ ਨੇ ਦੱਸਿਆ ਕਿ ਜੇਕਰ ਕਿਸੇ ਨੂੰ ਟੀ.ਬੀ ਦੀ ਬੀਮਾਰੀ ਹੁੰਦੀ ਹੈ ਤਾਂ ਉਸਨੂੰ ਘਬਰਾਉਣ ਦੀ ਲੋੜ ਨਹੀ ਕਿਉਂਕਿ ਟੀ.ਬੀ ਹੁਣ ਲਾਇਲ-ਾਜ ਨਹੀ ਹੈ ਅਤੇ ਇਸਦਾ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਰਕਾਰ ਵਲੋਂ ਮਰੀਜ਼ ਨੂੰ 01 ਨਵੰਬਰ




2024 ਤੋਂ ਹਰ ਮਹੀਨੇ ਖੁਰਾਕ ਲਈ 1000 ਰੁਪਏ ਮਰੀਜ਼ ਦੇ ਬੈਂਕ ਖਾਤੇ ਸਿੱਧੇ ਵਿੱਚ ਪਾਏ ਜਾਂਦੇ ਹਨ। ਉਨਾਂ ਕਿਹਾ ਕਿ ਜਿਸ ਕਿਸੇ ਨੂੰ ਵੀ ਬੁਖਾਰ, ਖਾਂਸੀ, ਛਾਤੀ ਵਿੱਚ ਦਰਦ ਜਾਂ ਸਾਹ ਲੈਣ ਵਿੱਚ ਮੁਸ਼ਕਿਲ, ਭਾਰ ਵਿੱਚ ਗਿਰਾਵਟ ਜਾਂ ਭੁੱਖ ਘੱਟ ਲੱਗਣੀ ਸ਼ੁਰੂ ਹੋ ਜਾਵੇ ਉਹ ਆਪਣਾ ਟੀ.ਬੀ ਦਾ ਟੈਸਟ ਜ਼ਰੂਰ ਕਰਵਾਏ ਤਾਂ ਜੋ ਸਮੇਂ ਸਿਰ ਇਸ ਬੀਮਾਰੀ ਦਾ ਇਲਾਜ ਹੋ ਸਕੇ। ਉਨਾਂ ਦੱਸਿਆ ਕਿ ਇਸ ਮੁਹਿਮ ਤਹਿਤ ਸ਼ਕੀ ਮਰੀਜ਼ਾਂ ਦੇ ਟੈਸਟ ਅਤੇ ਐਕਸ-ਰੇ ਮੁਫਤ ਸਿਹਤ ਵਿਭਾਗ ਵਲੋਂ ਮੁਫ਼ਤ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਇਸ ਮੁਹਿੰਮ ਨਾਲ ਅਸੀਂ ਟੀ.ਬੀ ਦੇ ਖਾਤਮੇ ਲਈ ਵੱਡਾ ਕਦਮ ਚੁੱਕਾਂਗੇ ਅਤੇ ਜੋ ਕਿ 24 ਮਾਰਚ 2025 ਤੱਕ ਜਾਰੀ ਰਹੇਗੀ । ਇਸ ਮੌਕੇ ਸੀ.ਐਚ.ਓ ਡਾ.ਨਵਪ੍ਰੀਤ ਕੌਰ, ਐਸ.ਟੀ.ਐਸ ਭੁਪਿੰਦਰ ਕੌਰ ਅਤੇ ਸ਼੍ਰੀ ਵਿਕਰਮਜੀਤ ਲਖਨਪਾਲ ਆਦਿ ਹਾਜ਼ਰ ਰਹੇ।

# ਭੋਗ ਤੇ ਵਿਸ਼ੇਸ਼ ਨਿਮਰਤਾ ਦੇ ਪੁੰਜ ਸਨ -ਮਾਤਾ ਜਰਨੈਲ ਕੌਰ ਰਾਮੂਵਾਲੀਆ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸਾਬਕਾ ਕੇਂਦਰੀ ਮੰਤਰੀ, ਉੱਤਰ ਪ੍ਰਦੇਸ਼ ਸਰਕਾਰ ਦੇ ਸਾਬਕਾ ਕੈਬਨਿਟ ਮੰਤਰੀ, ਪੰਜਾਬ ਦੇ ਸਾਬਕਾ ਮੈਂਬਰ ਪਾਰਲੀਮੈਂਟ ਬਲਵੰਤ ਸਿੰਘ ਰਾਮੂਵਾਲੀਆ ਦੇ ਧਰਮ ਪਤਨੀ ਸਤਿਕਾਰਯੋਗ ਮਾਤਾ ਜਰਨੈਲ ਕੌਰ ਰਾਮੂੰਵਾਲੀਆ ਜੀ 76 ਸਾਲ ਦੀ ਉਮਰ ਵਿਚ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ। ਆਪਣੇ ਪਿੱਛੇ 1 ਸਪੁੱਤਰ ਨਵਤੇਜ ਗਿੱਲ, 2 ਪੁੱਤਰੀਆਂ ਅਮਨਜੋਤ ਕੌਰ ਰਾਮੂੰਵਾਲੀਆ ਤੇ ਪਾਇਲਟ ਨਵਜੋਤ ਕੌਰ ਦੇ ਇਲਾਵਾ ਦੋਹਤੇ-ਦੋਹਤੀਆਂ, ਪੋਤੇ-ਪੋਤੀਆਂ, 1 ਪੜੋਤਾ ਅਤੇ ਪੜਦੋਹਤੇ-ਪੜਦੋਹਤੀਆਂ ਅਤੇ ਹਰਿਆ ਭਰਿਆ ਪਰਵਾਰ ਨੂੰ ਛੱਡ ਕੇ ਪਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਅਸਲ ਵਿੱਚ ਜਦੋਂ ਕਿਸੇ ਇਨਸਾਨ ਦਾ ਜੀਵਨ ਸਾਥੀ ਵਿਛੜ ਜਾਂਦਾ ਹੈ ਤਾਂ ਇਕ ਯੁੱਗ ਦਾ ਅੰਤ ਹੋ ਜਾਂਦਾ ਹੈ। ਉਸ ਪਰਿਵਾਰ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਪੈ ਜਾਂਦਾ ਹੈ । ਇਨਸਾਨ ਜੀਵਨ ਸਾਥੀ ਬਿਨਾਂ ਜਿਉਂਦਾ ਤਾਂ ਰਹਿੰਦਾ ਹੈ ਪਰ ਮਾਣਦਾ ਕੁਝ ਨਹੀਂ, ਜੀਵਨ ਸਾਥੀ ਦੇ ਵਿਛੋੜੇ ਵਿੱਚ ਇਹ ਦੁਨੀਆਂਦਾਰੀ ਬੁਰੀ ਲੱਗਣ ਲੱਗ ਜਾਂਦੀ ਹੈ। ਜੀਵਨ ਕਾਫੀ ਫਿੱਕਾ ਫਿੱਕਾ ਲੱਗਣ ਲੱਗ ਜਾਂਦਾ ਹੈ । ਜਿੰਦਗੀ ਦੇ ਫੁੱਲ ਤਾਂ ਖਿੜਦੇ ਹਨ ਪਰ ਸੁਗੰਧੀ ਨਹੀਂ ਰਹਿੰਦੀ। ਇਨਸਾਨ ਦਾ ਟਾਈਮ ਤਾਂ ਚੱਲੀ ਜਾਂਦਾ ਹੈ ਪਰ ਜਿੰਦਗੀ ਰੁਕ ਜਾਂਦੀ ਹੈ । ਇਨਸਾਨ ਦਾ ਬੋਲਣਾ ਘੱਟ ਹੋ ਜਾਂਦਾ ਹੈ , ਆਲੇ ਦੁਆਲੇ ਭਾਵੇਂ ਕਿੰਨੀਆ ਵੀ ਰੌਣਕਾਂ ਹੋਣ ,ਪਰ ਦਿਲ ਹਮੇਸ਼ਾ ਉਦਾਸ ਰਹਿੰਦਾ ਹੈ ਜਿਹੜੀਆਂ ਚੀਜ਼ਾਂ ਮੀਆਂ ਬੀਬੀ ਨੇ ਇਕੱਠਿਆਂ ਬੈਠ ਕੇ ਬਣਾਈਆਂ ਹੁੰਦੀਆਂ ਹਨ, ਉਹੀ ਵੱਢ ਖਾਣ ਨੂੰ ਆਉਂਦੀਆਂ ਹਨ। ਜ਼ਿੰਦਗੀ ਚ ਮਿਲੇ ਮਾਣ ਸਨਮਾਨ ਮਿੱਟੀ ਲੱਗਣ ਲੱਗ ਜਾਂਦੇ ਹਨ। ਕਿਉਂਕਿ ਮੀਆਂ ਬੀਬੀ ਦੀ ਆਪਸੀ ਅਟੈਚਮੈਂਟ ਹੀ ਇਦਾਂ ਦੀ ਹੁੰਦੀ ਹੈ। ਬੀਬੀ ਜਰਨੈਲ ਕੌਰ ਦੀ ਮੌਤ ਤੋਂ ਬਾਅਦ ਇਹੋ ਜਿਹਾ ਸਨਾਟਾ ਹੀ ਬਲਵੰਤ ਸਿੰਘ ਰਾਮੂਵਾਲੀਆ ਦੇ ਪਰਿਵਾਰ ਵਿੱਚ ਹੈ ।ਬੀਬੀ ਜਰਨੈਲ ਕੌਰ ਜਿਨਾਂ



ਨੇ ਰਾਮੂਵਾਲੀਆ ਪਰਿਵਾਰ ਦੀ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਪੂਰੀ ਜ਼ਿੰਦਗੀ ਬਾਖੂਬੀ ਨਿਭਾਇਆ ਅਤੇ ਜਿੱਥੇ ਆਪਣੇ ਬੱਚਿਆਂ ਨੂੰ ਵਧੀਆ ਸੰਸਕਾਰ ਦੇ ਕੇ , ਪੜਾ ਲਿਖਾ ਕੇ ਉੱਚ ਮੁਕਾਮ ਤੇ ਪਹੁੰਚਾਇਆ, ਉਥੇ ਸਰਦਾਰ ਬਲਵੰਤ ਸਿੰਘ ਰਾਮੂਵਾਲੀਆ ਨਾਲ ਜਿੰਦਗੀ ਦੇ ਹਰ ਗਮੀ ਖੁਸ਼ੀ ਵਿੱਚ, ਹਰ ਉਤਰਾ ਚੜਾਅ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ। ਉਹ ਇੱਕ ਨਿਮਰਤਾ ਦੇ ਪੁੰਜ ਸਨ। ਮਿੱਠ ਬੋਲੜੇ ਸੁਭਾਅ ਦੇ ਮਾਲਕ ਸਨ। ਗੁਰਬਾਣੀ ਦਾ ਸਿਮਰਨ ਕਰਨਾ, ਨਿਤਨੇਮ ਕਰਨਾ ਉਹਨਾਂ ਦਾ ਇਖਲਾਖੀ ਫਰਜ਼ ਸੀ। ਉਹਨਾਂ ਦੇ ਬੇਵਕਤੇ ਜਾਣ ਨਾਲ ਰਾਮੂਵਾਲੀਆ ਗਿੱਲ ਪਰਿਵਾਰ ਨੂੰ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਬੱਚਿਆਂ ਲਈ ,ਪੋਤੇ ਪੋਤਰੀਆਂ ਲਈ ਇਕ ਵੱਡਾ ਸਦਮਾ ਹੈ । ਪਰ ਕੁਦਰਤ ਅੱਗੇ ਕਿਸੇ ਇਨਸਾਨ ਦਾ ਕੋਈ ਜੋਰ ਨਹੀਂ ਚਲਦਾ, ਜੋ ਕੁਦਰਤ ਨੂੰ ਮਨਜੂਰ ਹੁੰਦਾ ਉਹੀ ਹੋ ਕੇ ਰਹਿੰਦਾ ਹੈ । ਇਸ ਦੁੱਖ ਦੀ ਘੜੀ ਬਹੁਤ ਸਾਰੇ ਰਾਜਨੀਤਿਕ ਆਗੂਆਂ , ਸਮਾਜਕ ਜਥੇਬੰਦੀਆਂ, ਖੇਡ ਸੰਸਥਾਵਾਂ ਨੇ ਬਲਵੰਤ ਸਿੰਘ ਰਾਮੂਵਾਲੀਆ ਦੇ ਪਰਿਵਾਰ ਨਾਲ ਬੀਬੀ ਜਰਨੈਲ ਕੌਰ ਦੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਇਜਹਾਰ ਕੀਤਾ ਹੈ। ਸਵਰਗੀ ਮਾਤਾ ਜਰਨੈਲ ਕੌਰ ਦੇ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 11 ਜਨਵਰੀ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਸੰਤ ਮੰਡਲ ਅਗੀਠਾ ਸਾਹਿਬ ( ਲੰਬਿਆ ) ਫੇਜ਼ 8 ਮੋਹਾਲੀ ਵਿਖੇ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ ਇਸ ਮੌਕੇ ਰਮੂਵਾਲੀ ਪਰਿਵਾਰ ਨਾਲ ਹਮਦਰਦੀ ਰੱਖਣ ਵਾਲੇ ਹਰ ਇਨਸਾਨ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕਿਰਪਾਲਤਾ ਕੀਤੀ ਜਾਂਦੀ ਹੈ ।

**ਜਗਰੂਪ ਸਿੰਘ ਜਰਖੜ ਖੇਡ ਲੇਖਕ 98143-00722**

# ਬਰਨਾਲਾ ਵਿੱਚ ਧੁੰਦ ਦਾ ਕਹਿਰ, 5 ਵਾਹਨ ਆਪਸ ਵਿੱਚ ਟਕਰਾਏ, ਲੈਕਚਰਾਰ ਦੀ ਮੌਤ, 6 ਜ਼ਖਮੀ

**ਚੰਡੀਗੜ੍ਹ, ਗੁਰਬਿੰਦਰ ਗੁਰੀ** ਬਰਨਾਲਾ ਜ਼ਿਲ੍ਹੇ ਵਿੱਚ ਅੱਜ ਸਵੇਰੇ ਘਣੀ ਧੁੰਦ ਕਾਰਨ ਇੱਕ ਵੱਡਾ ਸੜਕ ਹਾਦਸਾ ਹੋਇਆ। ਵਜੀਦਕੇ ਕਲਾਂ ਪਿੰਡ ਦੇ ਨੇੜੇ ਪੰਜ ਵਾਹਨ ਇੱਕ ਦੂਜੇ ਨਾਲ ਟਕਰਾ ਗਏ, ਜਿਸ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਤੇ 6 ਹੋਰ ਵਿਅਕਤੀ ਜ਼ਖਮੀ ਹੋ ਗਏ। ਇਹ ਹਾਦਸਾ ਸਵੇਰੇ ਲਗਭਗ 8:30 ਵਜੇ ਹੋਇਆ ਜਦੋਂ ਘਣੀ ਧੁੰਦ ਕਾਰਨ ਵਾਹਨ ਚਾਲਕਾਂ ਨੂੰ ਦਿੱਖਣ ਵਿੱਚ ਮੁਸ਼ਕਲ ਹੋ ਰਹੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ, ਪੀਆਰਟੀਸੀ ਦੇ ਕਪੂਰਥਲਾ ਡਿਪੋ ਦੀ ਇੱਕ ਬੱਸ, ਜਿਸਨੂੰ ਡਰਾਈਵਰ ਸੁਰਿੰਦਰ ਸਿੰਘ ਚਲਾ ਰਹੇ ਸਨ, ਬਠਿੰਡਾ ਤੋਂ ਅੰਮ੍ਰਿਤਸਰ ਜਾ ਰਹੀ ਸੀ। ਵਜੀਦਕੇ ਕਲਾਂ ਦੇ ਨੇੜੇ ਪਹੁੰਚਦੇ ਹੀ ਬੱਸ ਨੇ ਇੱਟਾਂ ਨਾਲ ਭਰੀ ਇੱਕ ਟਰਾਲੀ ਨੂੰ ਕ੍ਰਾਸ ਕਰਨਾ ਸ਼ੁਰੂ ਕੀਤਾ। ਇਸ ਦੌਰਾਨ ਬੱਸ ਦੀ ਟਰਾਲੀ ਨਾਲ ਟਕਰ ਹੋ ਗਈ। ਇਸ ਅਚਾਨਕ ਹੋਈ ਟਕਰ ਨਾਲ ਬੱਸ ਵਿੱਚ ਸਵਾਰ ਯਾਤਰੀਆਂ ਵਿੱਚ ਹੜਕੰਪ ਮਚ ਗਿਆ ਤੇ ਕਈ ਯਾਤਰੀ ਬੱਸ ਤੋਂ ਬਾਹਰ ਨਿਕਲ ਆਏ। ਬੱਸ ਦੀ ਟਰਾਲੀ ਨਾਲ ਟਕਰ ਹੋਣ ਦੇ ਕੁਝ ਸਮੇਂ ਬਾਅਦ, ਪਿੱਛੇ ਤੋਂ ਆ ਰਹੇ ਇੱਕ ਟਰਾਲੇ ਨੇ ਘਣੀ ਧੁੰਦ ਕਾਰਨ ਬੱਸ ਨੂੰ ਪਿੱਛੇ ਤੋਂ ਟਕਰ ਮਾਰ ਦਿੱਤੀ। ਇਸ ਟਕਰ ਨਾਲ ਬੱਸ ਦੇ ਕੋਲ ਖੜੀ ਇੱਕ ਮਹਿਲਾ ਟਰਾਲੀ ਦੇ ਹਲਕੇ ਵਿੱਚ ਆ ਗਈ, ਜਿਸ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਤੋਂ ਬਾਅਦ, ਪਿੱਛੇ ਤੋਂ ਆ ਰਹੀ ਇੱਕ ਮਾਰੁਤੀ ਸਿਲੇਰੀਓ ਕਾਰ ਅਤੇ ਇੱਕ ਆਟੋ ਟੈਂਪੋ ਵੀ ਬੱਸ ਅਤੇ ਟਰਾਲੀ ਨਾਲ ਟਕਰਾ ਗਏ, ਜਿਸ ਨਾਲ ਹਾਦਸਾ ਹੋਰ ਵੀ ਗੰਭੀਰ ਹੋ ਗਿਆ। ਇਸ ਹਾਦਸੇ ਵਿੱਚ ਛੇ ਹੋਰ ਵਿਅਕਤੀ ਜ਼ਖਮੀ ਹੋ ਗਏ ਹਨ। ਜ਼ਖਮੀਆਂ ਨੂੰ ਤੁਰੰਤ ਨੇੜਲੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ, ਜਿਥੇ ਉਨ੍ਹਾਂ ਦਾ ਇਲਾਜ ਚਲ ਰਿਹਾ ਹੈ। ਹਸਪਤਾਲ ਪ੍ਰਸ਼ਾਸਨ ਨੇ ਦੱਸਿਆ ਕਿ ਜ਼ਖਮੀਆਂ ਦੀ ਹਾਲਤ ਫਿਲਹਾਲ ਸਥਿਰ ਹੈ। ਥਾਣਾ ਠੁੱਲੇਵਾਲ ਦੇ ਇੰਚਾਰਜ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਹਾਦਸੇ ਦੇ ਸਹੀ ਕਾਰਨ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਕਿਹਾ ਸਾਨੂੰ ਇੱਕ ਮਹਿਲਾ ਦੀ ਮੌਤ ਅਤੇ ਛੇ ਲੋਕਾਂ ਦੇ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ। ਅਸੀਂ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਾਂ। ਜਾਂਚ ਵਿੱਚ ਧੁੰਦ ਨੂੰ ਹਾਦਸੇ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ।" ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਹਾਦਸੇ ਵਿੱਚ ਸ਼ਾਮਲ ਵਾਹਨਾਂ ਨੂੰ ਜ਼ਬਤ ਕਰ ਲਿਆ ਹੈ। ਦੁਰਘਟਨਾ ਕਾਰਨ ਸੜਕ 'ਤੇ ਕੁਝ ਸਮੇਂ ਲਈ ਆਵਾਜਾਈ ਰੁਕੀ ਰਹੀ, ਜਿਸਨੂੰ ਬਾਅਦ ਵਿੱਚ ਸਧਾਰਨ ਕਰ ਦਿੱਤਾ ਗਿਆ।






### ਸੰਗਰੂਰ ਵਿੱਚ ਬੱਸ ਅਤੇ ਟਰੈਕਟਰ ਟਰਾਲੀ ਵਿਚਾਲੇ ਭਿਆਨਕ ਟੱਕਰ, ਕੰਡਕਟਰ ਦੀ ਮੌਤ

ਸੰਗਰੂਰ ਤੋਂ ਇੱਕ ਭਿਆਨਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਸਾਹ-ਮਣੇ ਆਈ ਹੈ, ਜਿਥੇ ਪਿੰਡ ਬਹਾਦਰਪੁਰ ਨਜ਼ਦੀਕ ਪੀਆਰਟੀਸੀ ਦੀ ਬੱਸ ਅਤੇ ਟਰੈਕਟਰ ਟਰਾਲੀ ਵਿਚਾਲੇ ਭਿਆਨਕ ਟੱਕਰ ਹੋ ਗਈ। ਹਾਦਸੇ ਵਿਚ ਕੰਡਕਟਰ ਦੀ ਮੌਤ ਹੋ ਗਈ ਜਦਕਿ 11 ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਸੜਕ ਸੁਰੱਖਿਆ ਫੋਰਸ ਦੀ ਮਦਦ ਨਾਲ ਸੰਗਰੂਰ ਦੇ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਮਿਲੀ ਜਾਣਕਾਰ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆਂ ਜਦੋਂ ਬੱਸ ਸੰਗਰੂਰ ਤੋਂ ਬਰਨਾਲੇ ਵੱਲ ਜਾ ਰਹੀ ਸੀ ਤੇ ਸੰਘਣੀ ਧੁੰਦ ਕਾਰਨ ਬੱਸ ਤੇ ਇੱਟਾਂ ਵਾਲੀ ਟਰਾਲੀ ਵਿਚਾਲੇ ਟੱਕਰ ਹੋ ਗਈ। ਹਾਦਸੇ ਵਿਚ ਬੱਸ ਦੇ ਕੰਡਕਟਰ ਦੀ ਮੌਤ ਹੋ ਗਈ।

### ਘੁਲਾਲ ਟੋਲ ਪਲਾਜ਼ਾ ਤੇ ਵਾਪਰਿਆ ਸੜਕ ਹਾਦਸਾ, 4 ਵਿਅਕਤੀ ਜ਼ਖਮੀ

ਸਮਰਾਲਾ ਦੇ ਨਜ਼ਦੀਕ ਘੁਲਾਲ ਟੋਲ ਪਲਾਜ਼ਾ ਤੇ ਸਵੇਰੇ ਸੰਘਣੀ ਧੁੰਦ ਦੇ ਵਿੱਚ ਇੱਕ ਸੜਕ ਹਾਦਸਾ ਹੋਇਆ ਜਿਸ ਵਿੱਚ ਦੋ ਗੱਡੀਆਂ ਹਾਦਸੇ ਦਾ ਸ਼ਿਕਾਰ ਹੋ ਗਈਆਂ ਅਤੇ ਇਸ ਹਾਦਸੇ ਵਿੱਚ 4 ਵਿਅਕਤੀ ਜਖਮੀ ਹੋ ਗਏ ਜਿਨਾਂ ਵਿੱਚ 2 ਗੰਭੀਰ ਰੂਪ 'ਚ ਜਖਮੀ ਹੋ ਗਏ। ਜਖਮੀਆਂ ਨੂੰ ਸਮਰਾਲਾ ਦੇ ਸਿਵਲ ਹਸਪਤਾਲ ਵਿੱਚ ਲਿਆਂਦਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ ਸੰਘਣੀ ਧੁੰਦ 'ਚ ਚੰਡੀਗੜ੍ਹ ਤੋਂ ਆ ਰਹੀ ਦੋ ਗੱਡੀਆਂ ਦੋਨੋ ਗੱਡੀਆਂ ਵਿੱਚ 4-4 ਵਿਅਕਤੀ ਸਵਾਰ ਸਨ ਜਦੋਂ ਗੱਡੀ ਸਮਰਾਲਾ ਨੇੜੇ ਘੁਲਾਲ ਟੋਲ ਪਲਾਜ਼ਾ ਪਹੁੰਚੀ ਤਾਂ ਟੋਲ ਪਲਾਜ਼ਾ ਦੀ ਇੱਕ ਹੀ ਪਾਸਿੰਗ ਲਾਈਨ ਚੱਲ ਰਹੀ ਸੀ ਬਾਕੀ ਲਾਈਨਾਂ ਦੇ ਅੱਗੇ ਬੈਰੀਕੇਡ ਲੱਗੇ ਹੋਏ ਸਨ ਕਾਰ ਚਾਲਕਾਂ ਵੱਲੋਂ ਲੱਗੇ ਬੈਰੀਕੇਡ ਤੋਂ ਗੱਡੀ ਬਚਾਉਣ ਦੇ ਕਾਰਨ ਗੱਡੀ ਟੋਲ ਪਲਾਜ਼ਾ ਦੇ ਡਿਵਾਈਡਰ ਨਾਲ ਟਕਰਾਉਣ ਕਾਰਨ ਹਾਦਸਾ ਹੋ ਗਿਆ ਅਤੇ ਦੂਸਰੀ ਗੱਡੀ ਵੀ ਟੋਲ ਪਲਾਜ਼ਾ ਤੇ ਟਕਰਾ ਗਈ। ਜਖਮੀਆਂ ਨੇ ਇਲਜ਼ਾਮ ਲਗਾਇਆ ਕਿ ਇਸ ਹਾਦਸੇ ਦਾ ਜਿੰਮੇਵਾਰ ਘੁਲਾਲ ਟੋਲ ਪਲਾਜ਼ਾ ਦੀ ਮੈਨੇਜਮੈਂਟ ਗਈ ਕਿਉਂਕਿ ਜਦੋਂ ਗੱਡੀ ਘੁਲਾਲ ਟੋਲ ਪਲਾਜ਼ਾ ਪਹੁੰਚੀ ਤਾਂ ਸਿਰਫ ਇੱਕ ਲਾਈਨ ਟੋਲ ਪਲਾਜਾ ਦੀ ਚੱਲ ਰਹੀ ਸੀ ਅਤੇ ਸੰਘੜੀ ਧੁੰਦ ਹੋਣ ਕਾਰਨ ਗੱਡੀ ਬੈਰੀਕੇਡ ਬਚਾਉਣ ਦੇ ਕਾਰਨ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿੱਚ ਚਾਰ ਵਿਅਕਤੀ ਜ਼ਖਮੀ ਹੋ ਗਏ ਜਿਨਾਂ ਵਿੱਚ ਦੋ ਵਿਅਕਤੀ ਗੰਭੀਰ ਰੂਪ ਚ ਜ਼ਖਮੀ ਹਨ ਅਤੇ ਸਮਰਾਲਾ ਸਿਵਲ ਹਸਪਤਾਲ ਵਿੱਚ ਦਾਖਲ ਹਨ।

# ਸਫਾਈ ਕਰਮਚਾਰੀਆਂ ਨੇ ਮੰਗਾਂ ਨੂੰ ਲੈ ਕੇ ਮੀਟਿੰਗ ਕਰਨ ਉਪਰੰਤ ਨਿਗਮ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨਗਰ ਨਿਗਮ ਦਫ਼ਤਰ ਹੁਸ਼ਿਆਰਪੁਰ ਵਿਖੇ ਸਫਾਈ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਕਰਨਜੋਤ ਆਦਿਆ ਦੀ ਅਗੁਵਾਈ ਵਿਚ ਕਰਮਚਾਰੀਆਂ ਵੱਲੋਂ ਮੀਟਿੰਗ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਮਿਊਂਸਿਪਲ ਮੁਲਾਜ਼ਮ ਐਕਸ਼ਨ ਕਮੇਟੀ ਦੇ ਸਰਪਰਸਤ ਕੁਲਵੰਤ ਸਿੰਘ ਸੈਣੀ ਪਹੁੰਚੇ। ਜਿੱਥੇ ਵੱਖ-ਵੱਖ ਬੁਲਾਰਿਆ ਵੱਲੋਂ ਮੰਗਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਤੇ ਪ੍ਰਧਾਨ ਕਰਨਜੋਤ ਆਦਿਆ ਨੇ ਡੀਸੀ ਰੇਟ ਤੇ ਹੋਏ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਮੰਗ ਕੀਤੀ ਤਾਂ ਇਹ ਮੀਟਿੰਗ ਧਰਨੇ ਦੇ ਰੂਪ ਵਿੱਚ ਬਦਲ ਗਈ। ਇਸ ਮੌਕੇ ਪ੍ਰਧਾਨ ਕਰਨਜੋਤ ਆਦਿਆ ਤੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਜਿਸ ਤਰ੍ਹਾਂ ਪਹਿਲਾਂ ਪੂਰੇ ਪੰਜਾਬ ਵਿੱਚ ਹੜਤਾਲ ਹੋਈ ਹੈ, ਉਸੇ ਤਰ੍ਹਾਂ ਮੁੜ ਤੋਂ ਹੁਸ਼ਿਆਰਪੁਰ ਵਿਖੇ ਹੜਤਾਲ ਕੀਤੀ ਜਾਵੇਗੀ। ਇਸ ਮੌਕੇ ਕੁਲਵੰਤ ਸਿੰਘ ਸੈਣੀ ਨੇ ਕਿਹਾ ਕਿ ਕੈਬਿਨੇਟ ਮੰਤਰੀ ਸਥਾਨਕ ਸਰਕਾਰਾ ਡਾ. ਰਵਜੋਤ ਸਿੰਘ ਜਲਦ ਤੋਂ ਜਲਦ ਕੈਬਿਨੇਟ ਮੀਟਿੰਗ ਨੂੰ ਪ੍ਰਵਾਨਗੀ ਦੇਣ। ਉਹਨਾਂ ਕਿਹਾ ਜੇਕਰ ਸਰਕਾਰ ਇਹਨਾਂ ਮੰਗਾਂ ਨੂੰ ਅਣਦੇਖਾ ਕਰੇਗੀ ਤਾਂ ਪੰਜਾਬ ਵਿੱਚ ਜੋ ਹੜਤਾਲ ਕੀਤੀ ਜਾਵੇਗੀ, ਉਸਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਉਹਨਾਂ ਕਿਹਾ ਕਿ ਪੰਜਾਬ ਦੇ ਆਊਟ ਸੋਰਸ ਕਰਮਚਾਰੀਆਂ ਤੇ ਡੀਸੀ ਰੇਟ ਕਰਮਚਾਰੀਆਂ ਦੀਆਂ ਵੱਖ-ਵੱਖ ਮੰਗਾਂ ਬਾਰੇ ਪਹਿਲਾਂ ਵੀ ਜਾਣੂ ਕਰਵਾਇਆ ਜਾ ਚੁੱਕਾ ਹੈ। ਉਹਨਾਂ ਨੇ ਕਿਹਾ ਕਿ ਜਦੋਂ ਦੀ ਇਹ ਸਰਕਾਰ ਬਣੀ ਹੈ, ਉਦੋਂ ਤੋਂ ਕਰਮਚਾਰੀਆਂ ਨੂੰ ਉਹਨਾਂ ਦੇ ਹੱਕ ਨਹੀਂ ਮਿਲ ਰਹੇ ਅਤੇ ਨਾ ਦੀ ਸਰਕਾਰ ਨੇ ਕੁੱਝ ਕਰਨ ਦਾ ਯਤਨ ਕੀਤਾ ਹੈ। ਇਸ ਦੌਰਾਨ ਯੂਨਿਅਨ ਨੇ ਨਿਗਮ ਕਮਿਸ਼ਨਰ ਡਾ. ਅਮਨਦੀਪ ਅਤੇ ਜੁਆਇੰਟ ਕਮਿਸ਼ਨਰ ਸੰਦੀਪ ਤਿਵਾੜੀ ਨੂੰ ਮੰਗਪੱਤਰ ਦਿੱਤਾ ਗਿਆ। ਇਸ ਮੌਕੇ ਸੋਮਨਾਥ ਆਦਿਆ, ਵਿਕਰਮਜੀਤ (ਬੰਟੀ), ਬਲਰਾਮ, ਜੈ ਗੋਪਾਲ, ਹੀਰਾ ਲਾਲ ਹੰਸ, ਕੈਲਾਸ਼, ਦੇਵ ਕੁਮਾਰ, ਅਸ਼ੋਕ ਕੁਮਾਰ, ਜਸਵੀਰ ਸਿੰਘ, ਲੇਖਰਾਜ, ਅਰੁਣ ਕੁਮਾਰ, ਪ੍ਰਦੀਪ ਕੁਮਾਰ, ਸੰਨੀ ਝੇਹਰੀਆਂ, ਗੁਲਸ਼ਨ, ਸੁਨੀਤਾ ਹੰਸ, ਸੁਰਜੀਤ, ਮੰਜੂ, ਅਨਿਤਾ, ਗੋਰਾ, ਪ੍ਰਵੀਨ, ਵਿਜੈ ਲਕਸ਼ਮੀ, ਗੀਤਾ, ਮਮਤਾ ਆਦਿ ਸ਼ਾਮਿਲ ਸਨ।

# ਸਿਹਤ ਵਿਭਾਗ ਨੇ ਐਚ ਐਮ ਪੀ ਵੀ ਸੰਬੰਧੀ ਐਡਵਾਈਜ਼ਰੀ ਜਾਰੀ ਕੀਤੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ ਵੱਲੋਂ ਹਿਊਮਨ ਮੇਟਾ ਨਿਉਮੋ ਵਾਇਰਸ ( ਐਚ ਐਮ ਪੀ ਵੀ ) ਦੇ ਸੰਬੰਧ ਵਿਚ ਐਡਵਾਈਜ਼ਰੀ ਜਾਰੀ ਕੀਤੀ ਗਈ। ਇਸ ਸੰਬੰਧ ਵਿੱਚ ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਸ਼ਗੋਤਰਾ ਨੇ ਦੱਸਿਆ ਕਿ ਲੋਕ ਐਚ ਐਮ ਪੀ ਵੀ ਵਾਇਰਸ ਤੋਂ ਨਾ ਘਬਰਾਉਣ। ਇਹ ਇਕ ਆਮ ਸਰਦੀ ਜ਼ੁਕਾਮ ਦੀ ਤਰਾਂ ਫਲੂ ਵਰਗਾ ਹੀ ਹੈ। ਪੰਜਾਬ ਵਿੱਚ ਅਜੇ ਇਸ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਪਰ ਵਿਭਾਗ ਇਸ ਦੇ ਇਲਾਜ਼ ਲਈ ਪੂਰੀ ਤਰਾਂ ਅਲਰਟ ਹੈ। ਹਲਕਾ ਬੁਖ਼ਾਰ, ਨੱਕ ਦਾ ਵਗਣਾ, ਖਾਂਸੀ, ਗਲੇ ਚ ਖਾਰਿਸ਼ ਜਾਂ ਸਾਹ ਲੈਣ ਵਿਚ ਤਕਲੀਫ਼ ਇਸ ਦੇ ਮੁੱਢਲੇ ਲੱਛਣ ਹਨ। ਇਹ ਸਭ ਇਕ ਹਫ਼ਤੇ ਦੇ ਵਿਚ ਵਿਚ ਆਪਣੇ ਆਪ ਠੀਕ ਹੋ ਜਾਂਦੇ ਹਨ। 05 ਸਾਲ ਤੋਂ ਛੋਟੇ ਬੱਚੇ ਅਤੇ 60 ਸਾਲ ਤੋਂ ਉੱਪਰ ਬਜ਼ੁਰਗ ਜਿਹਨਾਂ ਦੀ ਇਮੀਊਨਿਟੀ ਘੱਟ ਹੁੰਦੀ ਹੈ ਉਹਨਾਂ ਦਾ ਖਾਸ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਬਚਾਅ ਲਈ ਖਾਣ ਪੀਣ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਬਾਹਰ ਦਾ ਤਲਿਆ ਭੁੰਨਿਆ ਮਸਾਲੇਦਾਰ ਭੋਜਨ ਖਾਣ ਤੋਂ ਪਰਹੇਜ਼ ਰੱਖਿਆ ਜਾਵੇ। ਘਰ ਦਾ ਬਣਿਆ ਪੌਸ਼ਟਿਕ ਭੋਜਨ ਖਾਣਾ ਚਾਹੀਦਾ ਹੈ। ਜਿਸ ਵਿਚ ਮੌਸਮੀ ਫ਼ਲ ਸਬਜ਼ੀਆਂ ਦਾਲਾਂ ਆਦਿ ਸ਼ਾਮਿਲ ਕੀਤੀਆਂ ਜਾਣ। ਪੀਣ ਵਾਲੇ ਪਦਾਰਥਾਂ ਦਾ ਵੱਧ ਇਸਤੇਮਾਲ ਕਰਨਾ ਚਾਹੀਦਾ ਹੈ। ਫਲੂ ਵਰਗੀ ਇਨਫੈਕਸ਼ਨ ਹੋਣ ਤੇ ਭੀੜ ਵਾਲੀਆਂ ਥਾਵਾਂ ਤੇ ਜਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਮੂੰਹ ਤੇ ਮਾਸਕ ਬੰਨ ਕੇ ਰੱਖੋ। ਪਰਿਵਾਰਿਕ ਮੈਂਬਰਾਂ ਤੋਂ ਦੂਰੀ ਬਣਾ ਕੇ ਰੱਖੋ। ਹੱਥਾਂ ਨੂੰ ਬਾਰ ਬਾਰ ਸਾਬਣ ਪਾਣੀ ਨਾਲ ਧੋਵੋ। ਮੂੰਹ ਅੱਖਾਂ ਨੱਕ ਨੂੰ ਬਾਰ ਬਾਰ ਨਾ ਛੂਹੋ। ਇਨਫੈਕਸ਼ਨ ਹੋਣ ਦੀ ਸੂਰਤ ਵਿੱਚ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਵਿੱਚ ਡਾਕਟਰ ਨਾਲ ਸੰਪਰਕ ਕਰੋ।

# ਮੋਦੀ ਸਰਕਾਰ ਆਰ ਐਸ ਐਸ ਦੇ ਇਸ਼ਾਰਿਆਂ ਤੇ ਬਾਬਾ ਸਾਹਿਬ ਵਲੋਂ ਲਿਖੇ ਸੰਵਿਧਾਨ ਨੂੰ ਖ਼ਤਮ ਕਰਨਾ ਚਾਹੁੰਦੀ ਹੈ : ਬੇਗਮਪੁਰਾ ਟਾਈਗਰ ਫੋਰਸ

## ਬੇਗਮਪੁਰਾ ਟਾਈਗਰ ਫੋਰਸ ਦਾ ਨਾਮ ਲੈਕੇ ਕ੍ਰਿਕਟ ਟੂਰਨਾਮੈਂਟ ਕਰਵਾਉਣ ਵਾਲੇ ਲੋਕਾਂ ਨੂੰ ਫੋਰਸ ਵਿੱਚੋਂ ਕੱਢਿਆ ਹੋਇਆ ਹੈ : ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਬੀਤੇ ਦਿਨੀ ਦੇਸ਼ ਦੀ ਪਾਰਲੀਮੈਂਟ ਵਿਚ ਬੋਲਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਡਾ:ਬੀ ਆਰ ਅੰਬੇਡਕਰ ਜੀ ਨੂੰ ਛੱਡ ਕੇ ਰੱਬ ਦਾ ਨਾਂ ਜੱਪ ਕੇ ਸਵਰਗ ਪ੍ਰਾਪਤੀ ਦੇ ਸੁਪਨੇ ਦੀ ਗੱਲ ਕਰ ਰਿਹਾ ਸੀ ਪਰ ਅੱਜ ਤੱਕ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਕਿਸੇ ਨੂੰ ਅੱਜ ਤੱਕ ਸਵਰਗ ਮਿਲਿਆ ਜਾ ਨਹੀਂ ਇਹਨਾਂ ਗੱਲਾਂ ਦਾ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਸਾਡੇ ਤਾ ਸਦੀਆਂ ਤੋਂ ਲਿਤਾੜੇ ਤੇ ਪੀੜੇ ਜਾ ਰਹੇ ਲੋਕਾਂ ਨੂੰ ਨਰਕਾਂ ਵਰਗੀ ਜਿੰਦਗੀ ਤੋਂ ਨਿਜਾਤ ਦਿਵਾਉਣ ਵਾਲੇ ਗਰੀਬਾਂ,ਮਜ਼ਲੂਮਾਂ, ਐਸਸੀ ਵਰਗ ਅਤੇ ਔਰਤਾਂ ਨੂੰ ਬਰਾਬਰ ਦਾ ਹੱਕ ਦਿਵਾਉਣ ਵਾਲੇ ਬਾਬਾ ਸਾਹਿਬ ਡਾ: ਬੀ ਆਰ ਅੰਬੇਡਕਰ ਹੀਂ ਅਸਲ ਵਿੱਚ ਰੱਬ ਹਨ ! ਉਹਨਾਂ ਕਿਹਾ ਕਿ ਇਹ ਬਾਬਾ ਸਾਹਿਬ ਹੀ ਸਨ ਜਿਹਨਾ ਨੇ ਮੰਨੂਵਾਦੀਆਂ ਦੇ ਜ਼ੁਲਮਾਂ ਦੇ ਸ਼ਿਕਾਰ ਹੋਏ ਦੇਸ਼ ਦੇ ਐਸਸੀ ਸਮਾਜ ਆਦਿ-ਵਾਸੀਆਂ ਤੇ ਔਰਤਾਂ ਨੂੰ



ਸੁਰੱਖਿਆ ਪ੍ਰਦਾਨ ਕਰਨ ਲਈ ਮੰਨੂਸਮ੍ਰਿਤੀ ਵਰਗੇ ਫੂਹੜ ਗ੍ਰੰਥ ਨੂੰ ਅਗਨ ਭੇਂਟ ਕੀਤਾ ਤੇ ਅੱਜ ਮੋਦੀ ਦੀ ਸਰਕਾਰ ਆਰ ਐਸ ਐਸ ਦੇ ਇਸ਼ਾਰਿਆ ਤੇ ਬਾਬਾ ਸਾਹਿਬ ਵਲੋਂ ਲਿਖੇ ਸੰਵਿਧਾਨ ਨੂੰ ਖ਼ਤਮ ਕਰ ਕੇ ਓਹੀ ਮਨੂੰਸਮਰਿਤੀ ਨੂੰ ਲਾਗੂ ਕਰਨਾ ਚਾਹੁੰਦੀ ਏ ਪਰ ਇਹ ਹੋਣ ਨਹੀਂ ਦਿੱਤਾ ਜਾਵੇਗਾ ਲ ਉਹਨਾਂ ਕਿਹਾ ਕੇ ਬਾਬਾ ਸਾਹਿਬ ਦਾ ਅਪਮਾਨ ਕਰਕੇ ਅਮਿਤ ਸ਼ਾਹ ਨੇ ਬੱਜਰ ਗੁਨਾਹ ਕੀਤਾ ਏ ਤੇ ਉਸ ਨੂੰ ਕਦੇ ਵੀ ਮੁਆਫ ਨਹੀਂ ਕੀਤਾ ਜਾਵੇਗਾ ! ਉਹਨਾ ਅੰਤ ਵਿੱਚ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਵਿੱਚੋ ਪੱਕੇ ਤੌਰ ਤੇ ਕੱਢੇ ਹੋਏ ਕੁਝ ਲੋਕਾ ਵਲੋਂ ਬੇਗਮਪੁਰਾ ਟਾਈਗਰ ਫੋਰਸ ਦੇ ਬੈਨਰ ਹੇਠ ਗੈਰ ਕਾਨੂੰਨੀ ਤਰੀਕੇ ਨਾਲ ਕਰਵਾਏ ਗਏ ਕ੍ਰਿਕਟ ਟੂਰਨਾਮੈਂਟ ਨਾਲ ਫੋਰਸ ਦਾ ਦੂਰ ਦਾ ਵਾਸਤਾ ਵੀ ਨਹੀਂ ਹੈ ਉਹਨਾਂ ਕਿਹਾ ਕਿ ਅਸੀਂ ਸ਼ਾਸਨ ਅਤੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਇਹਨਾਂ ਲੋਕਾਂ ਦਾ ਫੋਰਸ ਨਾਲ ਕੋਈ ਵੀ ਸਬੰਧ ਨਹੀਂ ਹੈ ਉਹਨਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਇੱਕ ਰਜਿ. ਜਥੇਬੰਦੀ ਹੈ ਉਹਨਾ ਕਿਹਾ ਕਿ ਫੋਰਸ ਵਿੱਚੋਂ ਕੱਢੇ ਹੋਏ ਇਹ ਲੋਕ ਅਗਰ ਸ਼ਾਸਨ ਜਾਂ ਪ੍ਰਸ਼ਾਸਨ ਨੂੰ ਜਾਮ ਲਾਉਣ ਧਰਨਾ ਲਾਉਣ ਅਤੇ ਕਿਸੇ ਵੀ ਤਰ੍ਹਾਂ ਦੀ ਧਮਕੀ ਦੇਣ ਤਾਂ ਪ੍ਰਸ਼ਾਸਨ ਇਹਨਾਂ ਲੋਕਾਂ ਤੇ ਤੁਰੰਤ ਕਾਰਵਾਈ ਕਰੇ ਕਿਉਂਕਿ ਇਹ ਲੋਕ ਬੇਗਮਪੁਰਾ ਟਾਈਗਰ ਫੋਰਸ ਦਾ ਗੈਰ ਸੰਵਿਧਾਨਿਕ ਤੌਰ ਤੇ ਨਾਮ ਲੈ ਕੇ ਲੋਕਾਂ ਨੂੰ ਗੁਮਰਾਹ ਅਤੇ ਬਲੈਕਮੇਲ ਕਰ ਰਹੇ ਹਨ ਇਸ ਕਰਕੇ ਇਹੋ ਜਿਹੇ ਲੋਕਾਂ ਕੋਲੋਂ ਬਚਣ ਦੀ ਜਰੂਰਤ ਹੈ ! ਉਹਨਾਂ ਕਿਹਾ ਕਿ ਕ੍ਰਿਕਟ ਟੂਰਨਾਮੈਂਟ ਦੀ ਖਬਰ ਲਾਉਣ ਵਾਲੀ ਅਖਬਾਰ ਆਦਿ ਧਰਮ ਪਤ੍ਰਿਕਾ ਦੇ ਸੰਪਾਦਕ ਅਤੇ ਪੱਤਰਕਾਰ ਨੂੰ ਬਹੁਤ ਜਲਦੀ ਕਾਨੂੰਨੀ ਨੋਟਿਸ ਭੇਜ ਕੇ ਸੰਪਾਦਕ ਅਤੇ ਪੱਤਰਕਾਰ ਵਿਰੁੱਧ ਅਦਾਲਤ ਵਿੱਚ ਕੇਸ ਦਾਇਰ ਕੀਤਾ ਜਾਵੇਗਾ !

# ਜਿਲ੍ਹਾ ਬਾਰ ਐਸੋਸੀਏਸ਼ਨ ਨੇ ਵਕੀਲ ਤੇ ਹੋਏ ਹਮਲੇ ਨੂੰ ਲੈ ਕੇ ਕੀਤੀ ਹੜਤਾਲ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਜ ਜਿਲ੍ਹਾ ਕਚਹਿਰੀ ਵਿਖ਼ੇ ਸਮੂਹ ਵਕੀਲ ਸਾਹਿਬਾਨ ਨੇ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਜਿਲ੍ਹਾ ਬਾਰ ਐਸੋਸੀਏਸ਼ਨ ਦੀ ਸਰਪ੍ਰਸਤੀ ਹੇਠ ਰੋਸ਼ ਪ੍ਰਦਰਸ਼ਨ ਅਤੇ ਹੜਤਾਲ ਕੀਤੀ। ਇਹ ਗੱਲ ਵਰਨਣ ਯੋਗ ਹੈ ਕੇ ਪਿੱਛਲੇ ਦਿਨੀਂ ਅਮਲੋਹ ਵਿਖ਼ੇ ਸੀਨੀਅਰ ਵਕੀਲ ਹਸਨ ਸਿੰਘ ਉੱਪਰ ਕਾਤਿਲਾਨਾ ਹਮਲਾ ਕੀਤਾ ਗਿਆ ਸੀ। ਜਿਸਦੇ ਰੋਸ਼ ਵਜੋਂ ਬਾਰ ਐਸੋਸੀਏਸ਼ਨ ਖੰਨਾ, ਸਮਰਾਲਾ ਅਤੇ ਫਤਹਿਗੜ੍ਹ ਸਾਹਿਬ ਵਲੋਂ ਪੂਰੇ ਪੰਜਾਬ ਵਿੱਚ ਹੜਤਾਲ ਦੀ ਕਾਲ ਦਿੱਤੀ ਗਈ ਸੀ। ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਜਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਨੇ ਕਿਹਾ ਕੇ ਦਿਨ ਪ੍ਰਤੀ ਦਿਨ ਪੰਜਾਬ ਵਿੱਚ ਵਿਗੜ੍ਹਦੀ ਜਾ ਰਹੀ ਕਾਨੂੰਨ ਵਿਵਸਥਾ ਦੀ ਬੜੀ ਹੀ ਚਿੰਤਜਨਕ ਗੱਲ ਹੈ। ਆਮ ਲੋਕ ਹੀ ਨਹੀਂ ਹੁਣ ਤਾ ਸ਼ਰਾਰਤੀ ਅਤੇ ਗ਼ੈਰ ਸਮਾਜਿਕ ਤੱਤਾਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਉਹ ਥਾਣੇ ਕਚਹਿਰੀਆਂ ਅਤੇ ਦਫਤਰਾਂ ਵਿੱਚ ਹਮਲੇ ਕਰ ਰਹੇ ਹਨ। ਪਿਛਲੇ ਕੁੱਛ ਸਮੇਂ ਤੋਂ ਵਕੀਲ ਸਾਹਿਬਾਨਾਂ ਤੇ ਹਮਲੀਆ ਦੀ ਗਿਣਤੀ ਵੀ ਵਧੀ ਹੈ। ਜੋ ਕਿ ਬਹੁਤ ਹੀ ਗੰਭੀਰ ਵਰਤਾਰਾ ਹੈ। ਉਹਨਾਂ ਸਰਕਾਰ ਪਾਸੋਂ ਮੰਗ ਕੀਤੀ ਕਿ ਦਫਤਰਾਂ, ਤਹਿਸੀਲਾ ਅਤੇ ਕਚਹਿਰੀਆਂ ਵਿੱਚ ਸੁਰੱਖਿਆ ਦੇ ਪੁਖਤਾ ਇੰਤਜਾਮ ਕੀਤੇ ਜਾਣ ਅਤੇ ਵਕੀਲ ਸੁਰਖਿਆ ਕਾਨੂੰਨ ਲਾਗੂ ਕੀਤਾ ਜਾਵੇ। ਇਸ ਦੌਰਾਨ ਰਜਨੀ ਨੰਦਾ, ਜਨਰਲ ਸਕੱਤਰ, ਨਿਪੁਨ ਸ਼ਰਮਾ ਸਕੱਤਰ, ਰੋਮਨ ਸੱਭਰਵਾਲ ਖਜਾਨਚੀ, ਅੰਜੂ ਬਾਲਾ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਸਾਬਕਾ ਪ੍ਰਧਾਨ ਵਰਿੰਦਰ ਕੁਮਾਰ ਮੇਨਨ, ਪਲਵਿੰਦਰ ਸਿੰਘ ਘੁੰਮਣ, ਆਰ ਪੀ ਧੀਰ, ਕੁਲਦੀਪ ਸਿੰਘ, ਅਸ਼ੋਕ ਵਾਲਿਆ ਅਤੇ ਸੀਨਿਅਰ ਵਕੀਲ ਸ਼੍ਰੀ ਏਕੇ ਸੋਨੀ, ਕੇ ਸੀ ਮਹਾਜਨ, ਵਿਜੈ ਪ੍ਰਦੇਸੀ, ਪਾਲਵਿੰਦਰ ਪਲਵ, ਭਜਨਾ ਰਾਮ ਦਾਦਰਾ, ਲਸ਼ਕਰ ਸਿੰਘ, ਨਵੀਨ ਜੈਰਥ, ਸੁਹਾਸ ਰਾਜਨ, ਮਾਣਿਕ, ਸਰਬਜੀਤ ਸਹੋਤਾ, ਧਰਮਿੰਦਰ ਦਾਦਰਾ, ਸੁਨੀਲ ਕੁਮਾਰ, ਸ਼ਮਸ਼ੇਰ ਭਾਰਦਵਾਜ, ਪਾਲਵਿੰਦਰ ਮਾਨਾ, ਪ੍ਰਦੀਪ ਗੁਲੇਰੀਆ, ਰਾਘਵ ਸ਼ਰਮਾ ਰਾਕੇਸ਼ ਕੁਮਾਰ, ਵਿਜੇ ਪਰਦੇਸੀ,ਪਾਵਨ ਬੱਧਣ, ਕੇਲਾਸ਼, ਵਿਕਰਮ, ਰਾਕੇਸ਼, ਇਸ਼ਾਨੀ, ਗੁਰਜਿੰਦਰ, ਰਿਤੂ ਸ਼ਰਮਾ, ਰਾਜਵਿੰਦਰ ਕੌਰ, ਮੋਨਿਕਾ, ਸ਼ਿਵਾਂਗੀ ਅਤੇ ਸਿਧਾਂਤ ਚੋਧਰੀ, ਨਕੁਲ ਆਦੀ ਵੀ ਹਾਜਿਰ ਸਨ।

# ਯੁਵਕ ਸੇਵਾਵਾਂ ਵਿਭਾਗ ਵੱਲੋਂ ਚਲਾਇਆ ਜਾ ਰਿਹਾ ਹੈ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ









ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ, ਚੰਡੀਗੜ੍ਹ ਜੀ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਲੁਧਿਆਣਾ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਦੌਰਾਨ ਮਿਤੀ: 08.01.2025 ਨੂੰ ਪਿੰਡ ਨੱਥੋਵਾਲ ਅਤੇ ਤੁੰਗਾਹੇੜੀ ਵਿੱਚ ਸੈਮੀਨਾਰ ਅਤੇ ਨੁੱਕੜ ਨਾਟਕ ਕਰਵਾਇਆ ਗਿਆ। ਇਸ ਦੌਰਾਨ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਤਮ ਕਰ ਰਹੇ ਹਨ, ਇਹਨਾਂ ਤੋਂ ਬਚਣ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ ਕਿਉਂਕਿ ਨਸ਼ਿਆਂ ਵਿੱਚ ਗ੍ਰਸਤ ਹੋਈ ਨੌਜਵਾਨੀ ਗਲਤ ਰਸਤੇ ਅਪਣਾ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਖਰਾਬ ਕਰ ਰਹੀ ਹੈ ਜਿਸ ਦਾ ਖਮਿਆਜ਼ਾ ਪੂਰੇ ਸਮਾਜ ਨੂੰ ਵੀ ਭੁਗਤਣਾ ਪੈਂਦਾ ਹੈ। ਉਹਨਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ ਵਿਭਾਗ ਰਾਹੀਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ। ਇਸ ਸੈਮੀਨਾਰ ਵਿੱਚ ਡਾ. ਤਰਸੇਮ ਸਿੰਘ, ਸਿਵਲ ਡਿਸਪੈਂਸਰੀ,ਨੱਥੋਵਾਲ ਜੀ ਨੇ ਵੀ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਕਿਸ ਤਰ੍ਹਾਂ ਅੱਜ ਦਾ ਨੌਜਵਾਨ ਨਸ਼ਿਆਂ ਦੀ ਜਕੜ ਵਿੱਚ ਆਉਂਦਾ ਹੈ ਅਤੇ ਇਹਨਾਂ ਮਾਰੂ ਨਸ਼ਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਜੋ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਹ ਨਸ਼ਾ ਛੁਡਾਉ ਕੇਂਦਰਾਂ ਵਿੱਚ ਜਾ ਕੇ ਨਸ਼ਾ ਛੁਡਵਾ ਸਕਦੇ ਹਨ। ਸ਼੍ਰੀ ਨਰਿੰਦਰਪਾਲ ਸਿੰਘ ਐਸ.ਐਚ.ਓ ਥਾਣਾ ਹਠੂਰ ਨੇ ਵੀ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਦੱਸਦਿਆਂ ਕਿਹਾ ਕਿ ਨਸ਼ਾ ਕਰਕ ਨੌਜਵਾਨ ਆਪਣੀ ਜਾਨ ਦੇ ਨਾਲ ਨਾਲ ਦੂਸਰਿਆਂ ਦੀ ਜ਼ਿੰਦਗੀ ਨਾਲ ਵੀ ਖਿਲਵਾੜ ਕਰਦੇ ਹਨ ।

ਸੈਮੀਨਾਰ ਦੇ ਅੰਤ ਵਿੱਚ ਨਸ਼ਿਆਂ ਦੇ ਮਾਰੂ ਅਸਰ ਦਿਖਾਉਂਦਾ ਇੱਕ ਨੁੱਕੜ ਨਾਟਕ ਪਿੰਡ ਨੱਥੋਵਾਲ ਅਤੇ ਤੁਗਾਹੇੜੀ ਵਿਖੇ ਖੇਡਿਆ ਗਿਆ। ਅਤੇ ਅੰਤ ਵਿੱਚ ਸੁਖਪ੍ਰੀਤ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ, ਨੱਥੋਵਾਲ ਅਤੇ ਜਗਪ੍ਰੀਤ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ, ਤੁਗਾਹੇੜੀ ਵੱਲੋਂ ਆਏ ਹੋਏ ਯੁਵਕ ਸੇਵਾਵਾਂ ਵਿਭਾਗ ਦੀ ਸਾਰੀ ਟੀਮ ਅਤੇ ਪਿੰਡ ਦੇ ਸਰਪੰਚ ਸ਼੍ਰੀ ਜ਼ਸਵਿੰਦਰ ਸਿੰਘ , ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ। ਇਸ ਸੈਮੀਨਾਰ ਦੌਰਾਨ ਮਨਪ੍ਰੀਤ ਸਿੰਘ ,ਮੈਡਮ ਰਣਜੀਤ ਕੋਰ, ਰਣਧੀਰ ਸਿੰਘ, ਚਰਨਜੀਤ ਸਿੰਘ,ਇੰਦਰਜੀਤ ਸਿੰਘ, ਜ਼ਸਪਿੰਦਰ ਸਿੰਘ, ਅਰਸ਼ਦੀਪ ਸਿੰਘ, ਜੀਤਾ ਟਸ਼ਕ , ਜੁਗਰਾਜ਼ ਸਿੰਘ, ਰੂਪਾ ਨੱਥੋਵਾਲ, ਭਿੰਦਰ ਨੱਥੋਵਾਲ ਸਮਾਜ ਸੇਵੀ ਅਤੇ ਯੁਵਕ ਸੇਵਾਵਾਂ ਕਲੱਬ ਦੇ ਮੈਂਬਰ ਵੀ ਹਾਜ਼ਰ ਸਨ।

# ਬਸਪਾ ਦੇ ਮਿਸ਼ਨਰੀ ਵਰਕਰ ਸ ਮਲਕੀਤ ਸਿੰਘ ਮੁਕੰਦਪੁਰੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਇਆ

## ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਦਿਲ ਦੀਆਂ ਗਹਿਰਾਈਆਂ ਤੋਂ ਇਸ ਮਿਸ਼ਨਰੀ ਵਰਕਰ ਨੂੰ ਸ਼ਰਧਾਂਜਲੀਆ ਭੇਟ ਕੀਤੀਆਂ ਗਈਆਂ







**ਬੰਗਾ (ਚਰਨਜੀਤ ਸੱਲ੍ਹਾ )** ਅੱਜ ਸ੍ਰੀ ਗੁਰੂ ਰਵਿਦਾਸ ਮਹਾਰਾਜ ਗੁਰਦੁਆਰਾ ਸਾਹਿਬ ਵਿਖੇ ਬੀਤੇ ਦਿਨੀਂ ਬਸਪਾ ਦੇ ਮਿਸ਼ਨਰੀ ਵਰਕਰ ਸ ਮਲਕੀਤ ਸਿੰਘ ਮੁਕੰਦਪੁਰੀ ਦੀ ਅੰਤਿਮ ਅਰਦਾਸ ਕੀਤੀ ਗਈ ਜਿਸ ਵਿੱਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ । ਗ੍ਰੰਥੀ ਸਿੰਘ ਨੇ ਸਭ ਤੋਂ ਪਹਿਲਾਂ ਬੈਰਾਗਮਈ ਕੀਰਤਨ ਕੀਤਾ। ਇਸ ਮੌਕੇ ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਸਮਾਜਿਕ ਜਥੇਬੰਦੀਆਂ ਦੇ ਮੁੱਖੀ ਪਹੁੰਚੇ ਹੋਏ ਸਨ। ਜਿਨ੍ਹਾਂ ਵਿੱਚ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ,ਪ੍ਰਵੀਨ ਬੰਗਾ ਇੰਚਾਰਜ ਹਲਕਾ ਆਨੰਦਪੁਰ ਸਾਹਿਬ, ਕੁਲਜੀਤ ਸਿੰਘ ਸਰਹਾਲ ਇੰਚਾਰਜ ਹਲਕਾ ਬੰਗਾ,ਕੁਲਵੰਰਨ ਸਿੰਘ ਕਾਂਗਰਸ ਪਾਰਟੀ, ਅਮਰਜੀਤ ਕਾਂਗਰਸ ਪਾਰਟੀ, ਪ੍ਰਿੰਸੀਪਲ ਹਰਭਜਨ ਸਿੰਘ ਕਰਨਾਣਾ, ਸੋਢੀ ਰਾਣਾ ਕਲਾਂ ਕੇਂਦਰ ਲਾਦੜਾ,ਮੇਜਰ ਸਿੰਘ ਬੀਸਲਾ, ਮਨੋਹਰ ਬਹਿਰਾਮ, ਡਾ ਨਿਰੰਜਣ ਪਾਲ ਸਾਬਕਾ ਐਸ ਐਮ ਓ, ਸਾਰਿਆਂ ਨੇ ਮਲਕੀਤ ਸਿੰਘ ਮੁਕੰਦਪੁਰੀ ਜੀ ਵਾਰੇ ਕਿਹਾ ਕਿ ਉਨ੍ਹਾਂ ਦੀ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਵਚਨਾਂ ਤੇ ਚੱਲਣ ਵਾਲੇ ਇਨਸਾਨ ਸਨ ਮਲਕੀਤ ਸਿੰਘ ਮੁਕੰਦਪੁਰੀ ਜੀ ਉਨ੍ਹਾਂ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਖਾਤਰ ਬਹੁਤ ਸੰਘਰਸ਼ ਕੀਤਾ ਜਿਸਦੇ ਲਈ ਅਸੀਂ ਉਨ੍ਹਾਂ ਦੇ ਹਮੇਸ਼ਾ ਰਿਣੀ ਰਹਾਂਗੇ। ਪਿੰਡ ਮੁਕੰਦਪੁਰ ਦੇ ਰਾਹੁਲ ਮੁਕੰਦਪੁਰ ਜੀ ਸਟੇਜ ਸਕੱਤਰ ਦਾ ਕੰਮ ਕਰਨ ਲੱਗੇ ਸਨ ਪਰ ਉਨ੍ਹਾਂ ਕੋਲੋਂ ਇਹ ਕੰਮ ਨਹੀਂ ਹੋਇਆ ਕਿਉਂਕਿ ਰਾਹੁਲ ਇੰਨਾ ਜਜ਼ਬਾਤੀ ਹੋ ਗਿਆ ਕਿ ਉਨ੍ਹਾਂ ਦੀ ਜਗ੍ਹਾ ਪਰਮਜੀਤ ਮਹਿਰਮਪੁਰੀ ਜੀ ਨੇ ਸਟੇਜ ਸਕੱਤਰ ਦਾ ਕੰਮ ਸੰਭਾਲਿਆ। ਹੋਰ ਬਹੁਤ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਪਿਆਰ ਕਰਕੇ ਲੋਕ ਆਏਂ ਹੋਏ ਸਨ ਜਿਨ੍ਹਾਂ ਵਿੱਚ ਭੁਪਿੰਦਰ ਸਿੰਘ ਸਰਪੰਚ ਝਿੰਗੜ, ਸੁਰਿੰਦਰ ਪਾਲ ਸਰਪੰਚ ਭਰੋ ਮਜਾਰਾ, ਇੰਜ਼ ਸੁਰਜੀਤ ਸਿੰਘ ਰੱਲ, ਸੋਹਣ ਰਟੈਂਡਾ, ਹਰਬਲਾਸ ਬਸਰਾ,ਸੋਮ ਨਾਥ ਰਟੈਂਡਾ, ਹਰਮੇਸ਼ ਵਿਰਦੀ ਜਨਰਲ ਸਕੱਤਰ ਬਸਪਾ ਬੰਗਾ, ਵਿਕਰਮ ਮੁਕੰਦਪੁਰ ਜਿਨ੍ਹਾਂ ਨੇ ਸ਼ੋਕ ਸੰਦੇਸ਼ ਘੱਲੇ ਉਹਨਾਂ ਵਿੱਚ ਹਰਜੋਤ ਲੋਹਟੀਆ ਸਕੱਤਰ ਆਪ ਪਾਰਟੀ,ਸੁਰਜੀਵਨ ਭੰਗੂ ਜੀ ਨੇ ਉਨ੍ਹਾਂ ਨੂੰ ਸੋਗ ਸੰਦੇਸ਼ ਘੱਲੇ ਇਨ੍ਹਾਂ ਤੋਂ ਬਾਅਦ ਜਸਵੰਤ ਕਟਾਰੀਆ ਜੀ ਨੇ ਆਏ ਹੋਏ ਪਤਵੰਤਿਆਂ ਦਾ ਧੰਨਵਾਦ ਕੀਤਾ।

for more news visit:
www.samajweekly.com

## ਚਾਈਨਾਂ ਡੋਰ ਦਾ ਕਹਿਰ

ਬੱਚੇ ਫੜੋਂ ਡਰੋਨਾਂ ਦੇ ਨਾ਼ਲ ਅਫ਼ਸਰੋ ਅਤੇ ਸਰਕਾਰੋ ।
ਜਿੱਥੇ ਬਣਦੀ ਜਿੱਥੋਂ ਆਉਂਦੀ ਪਹਿਲਾਂ ਓਥੇ ਛਾਪੇ ਮਾਰੋ ।
ਇੱਕ ਨੂੰ ਮਾਰੋਂਗੇ ਤਾਂ ਉਸ ਨੇ ਚਾਰ ਹੋਰ ਜੰਮ ਦੇਣੇਂ ;
ਕਮਲਿਆਂ ਨੂੰ ਮਾਰਨ ਦੀ ਥਾਂ 'ਤੇ ਉਨ੍ਹਾਂ ਦੀ ਮਾਂ ਨੂੰ ਮਾਰੋ।
ਮਗਰਮੱਛਾਂ ਤੋਂ ਡਰ ਲਗਦਾ ਏ ਜਾਂ ਫ਼ਿਰ ਕੋਈ ਲਾਲਚ ;
ਜਿਹੜਿਆਂ ਘਰਾਂ ਦੀ ਹਿੱਸਾ ਪੱਤੀ ਉਨ੍ਹਾਂ ਤਾਈਂ ਸੁਧਾਰੋ ।
ਪਹਿਲਾਂ ਚੀਨ ਤੋਂ ਆਈ ਹੁਣ ਤਾਂ ਅਪਣੇ ਘਰ ਹੀ ਬਣਦੀ;
ਜੜ੍ਹਾਂ 'ਚ ਪਾਓ ਤੇਲ , ਨਾ ਪੱਤਿਆਂ ਉੱਪਰ ਛਿੱਟੇ ਮਾਰੋ ।
ਲਾਲਚ ਦੇਓਂ ਇਨਾਮਾਂ ਦਾ ਜੋ ਸਾਨੂੰ ਲੋੜ ਨਹੀਂ ਹੈ ;
ਇੱਕੋ ਪਿਤਾ ਦੇ ਬੱਚਿਆਂ ਨੂੰ ਆਪੋ ਵਿੱਚ ਨਾ ਲੜਾ ਕੇ ਮਾਰੋ ।

**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037



## ਧੀਆਂ ਦੀ ਲੋਹੜੀ

ਪੁੱਤ ਮੰਗਦੇ ਹੋ ਰੱਬ ਕੋਲੋਂ ਅਰਦਾਸਾਂ ਕਰਕੇ,
ਕਦੇ ਧੀਆਂ ਵੀ ਉਸ ਕੋਲੋਂ ਮੰਗੋ ਮਿੱਤਰੋ।
ਪੁੱਤ ਜੰਮਿਆਂ ਤੇ ਬੜੀ ਖੁਸ਼ੀ ਹੋ ਮਨਾਉਂਦੇ,
ਧੀਆਂ ਜੰਮੀਆਂ ਦੀ ਵੀ ਲੋਹੜੀ ਵੰਡੋ ਮਿੱਤਰੋ।
ਕੋਈ ਹੁੰਦਾ ਨਾ ਫਰਕ ਧੀਆਂ ਤੇ ਪੁੱਤਾਂ ਵਿਚ,
ਪੁਰਾਣੇ ਵਿਚਾਰ ਹੁਣ ਛਿੱਕੇ ਟੰਗੋ ਮਿੱਤਰੋ।
ਸਖਤ ਮਿਹਨਤ ਕਰਕੇ ਇਹ ਅੱਗੇ ਵੱਧਣ,
ਧੀਆਂ ਦੀਆਂ ਜਿੱਤਾਂ ਦੱਸਣ ਵੇਲੇ ਨਾ ਸੰਗੋ ਮਿੱਤਰੋ।
ਧੀਆਂ ਤੇ ਕਰੜੀ ਨਜ਼ਰ ਰੱਖਣੀ ਠੀਕ ਹੈ,
ਪਰ ਪੁੱਤਾਂ ਨੂੰ ਵੀ ਰੰਬੇ ਵਾਂਗ ਚੰਡੋ ਮਿੱਤਰੋ।
ਤੁਹਾਡੀ ਸੁੱਖ ਮੰਗਣ ਹਰ ਵੇਲੇ ਰੱਬ ਕੋਲੋਂ,
ਤੁਸੀਂ ਵੀ ਧੀਆਂ ਦੀ ਸੁੱਖ ਮੰਗੋ ਮਿੱਤਰੋ।
ਇਹ ਵੰਡਣ ਪਿਆਰ ਸਭ ਕੁੱਝ ਭੁਲਾ ਕੇ,
ਤੁਸੀਂ ਵੀ ਧੀਆਂ ਨੂੰ ਪਿਆਰ ਵੰਡੋ ਮਿੱਤਰੋ।



**ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ-9915803554**

## ਮਰਨ ਤੋਂ ਪਹਿਲਾਂ ਨਾ ਮਰਿਓ

ਜਗਤ ਆਉਣਾ ਇੱਕ ਫੇਰੀ,
ਹੋ ਜਾਣਾ ਖਾਕ ਦੀ ਢੇਰੀ।
ਖੁਦਾ ਦੀ ਜਾਤ ਨੂੰ ਪਰਖੋ,
ਦਿੱਤੀ ਔਕਾਤ ਨੂੰ ਪਰਖੋ।
ਸਮੇਂ ਦੇ ਵਹਿਣ ਨੇ ਡਾਢੇ,
ਕੋਈ ਰਸਤਾ ਨਵਾਂ ਘੜਿਓ,
ਜੇ ਜੀਣਾ, ਤਾਂ ਜਿਓ ਹਿੱਕ ਤਣ ਕੇ,
ਮਰਨ ਤੋਂ ਪਹਿਲਾਂ ਈ ਨਾ ਮਰਿਓ।

ਇਹ ਰੂਹ ਤੇ ਜਾਨ ਦੇ ਰਿਸ਼ਤੇ,
ਇਹ ਕੁਫ਼ਰ ,ਇਮਾਨ ਦੇ ਰਿਸ਼ਤੇ।
ਕਦੇ ਤਾਂ ਨਿਭਦੇ ਖਿਆਲਾਂ ਨਾਲ,
ਕਦੇ ਮੁੱਕਦੇ ਜੰਜਾਲਾਂ ਨਾਲ।
ਨਾ ਰੱਖਿਓ ਅਣਖ ਨੂੰ ਗਹਿਣੇ,
ਪੈਂਦੇ ਨੇ ਦੁੱਖ ਵੀ ਸਹਿਣੇ।
ਰੱਖਿਓ ਇਮਾਨ ਨੂੰ ਸੁੱਚਾ,
ਨਾ ਪੱਗ ਪੈਰਾਂ ਤੇ ਹੀ ਧਰਿਓ।
ਜੇ ਜੀਣਾ ਜਿਓ ਹਿੱਕ ਤਣ ਕੇ,
ਮਰਨ ਤੋਂ ਪਹਿਲਾਂ ਨਾ ਮਰਿਓ।

ਖੰਡੇ ਦੀ ਧਾਰ ਚੋਂ ਨਿਕਲੇ,
ਤਿੱਖੀ ਤਲਵਾਰ ਚੋ ਨਿਕਲੇ,
ਤਵੀ ਦਾ ਸੇਕ ਵੀ ਜਰਿਆ,
ਤਲੀ ਤੇ ਸੀਸ ਵੀ ਧਰਿਆ।
ਜੋ ਨੀਂਹਾਂ ਵਿੱਚ ਚਿਣਾਏ ਸੀ,
ਸਿਦਕ ਕਿੱਥੋਂ ਲਿਆਏ ਸੀ।
ਉਹਨਾਂ ਨੂੰ ਕਰ ਲਿਓ ਚੇਤੇ,
ਪੱਲਾ ਸਦਾ ਆਸ ਦਾ ਫੜਿਓ,
ਜੇ ਜੀਣਾ ,ਜਿਓ ਹਿੱਕ ਤਣ ਕੇ,
ਮਰਨ ਤੋਂ ਪਹਿਲਾਂ ਨਾ ਮਰਿਓ।



**ਸਤਨਾਮ ਕੌਰ ਤੁਗਲਵਾਲਾ**

## ਨਸੀਹਤ

ਜੀਵਨ ਰੂਪੀ ਖੇਤੀ ਦੇ ਵਿੱਚ
ਬੀਜ, ਬੀਜ ਲੈ ਚੰਗੇ
ਨਫ਼ਰਤ ਸਾੜਾ ਵੱਢਣਾ ਔਖੈ
ਲੈ ਨਾ ਪੁੱਠੇ ਪੰਗੇ

ਦਇਆ ਧਰਮ ਦਾ ਛਿੱਟਾ ਦੇ ਕੇ, ਚੰਗੀ ਫ਼ਸਲ ਉਗਾਅ ਲੈ
ਸਾੜਾ ਈਰਖਾ ਨੇੜ ਨਾ ਫੜਕੇ,
ਪਿਆਰ ਦਾ ਡਰਨਾ ਲਾ ਲੈ
ਜਿੰਨੇਂ ਮਰਜ਼ੀ ਦਾਮ ਕਮਾ ਲਈਂ,
ਮਿਲਣਗੇ ਮੂੰਹੋਂ ਮੰਗੇ
ਨਫ਼ਰਤ ਸਾੜਾ,,,,,

ਠੱਗੀ ਧੋਖਾ ਮਾੜਾ ਹੁੰਦੈ
ਗੁਰੂਆਂ ਨੇ ਸਮਝਾਇਆ
ਦਸਾਂ ਨਹੁੰਆਂ ਦੀ ਕਿਰਤ ਕਮਾ ਲੈ
ਖਾ ਨਾ ਹੱਕ ਪਰਾਇਆ
ਜੱਗ ਤੇ ਸਾਰੇ ਨੰਗੇ ਆਏ
ਜਾਣਾ ਵੀ ਹੈ ਨੰਗੇ
ਨਫ਼ਰਤ ਸਾੜਾ ਵੱਢਣਾ ਔਖੈ,,,,

ਹੈਂਕੜਬਾਜ਼ੀ ਚਾਰ ਦਿਨਾਂ ਦੀ ਸਦਾ ਨਾ ਇਹਨੇ ਰਹਿਣਾ
ਫਿਰ ਪਛਤਾਇਆਂ ਕੁੱਝ ਨਹੀਂ ਹੋਣਾ ਮੰਨ ਫ਼ੌਜੀ ਦੀ ਕਹਿਣਾ
ਸਮਾਂ ਬੀਤਿਆ ਮੁੜ ਨਹੀਂ ਆਉਂਦਾ,ਇੱਕ ਵਾਰੀ ਜੋ ਲੰਘੇ
ਨਫ਼ਰਤ ਸਾੜਾ ਵੱਢਣਾ ਔਖੈ ਨਾ ਲੈ ਪੁੱਠੇ ਪੰਗੇ।

**ਅਮਰਜੀਤ ਸਿੰਘ ਫ਼ੌਜੀ**
**ਪਿੰਡ ਦੀਨਾ ਸਾਹਿਬ**
**ਜ਼ਿਲ੍ਹਾ ਮੋਗਾ ਪੰਜਾਬ**
**94174-04804**





# ਮਾਛੀਵਾੜਾ ਨਗਰ ਕੌਂਸਲ ਦੀ ਪ੍ਰਧਾਨਗੀ

## ਆਮ ਆਦਮੀ ਪਾਰਟੀ ਵਾਲਿਆਂ ਨੇ ਖਾਸ ਬੰਦੇ ਨੂੰ ਪ੍ਰਧਾਨ ਬਣਾਇਆ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਤਕਰੀਬਨ 15 20 ਕੁ ਦਿਨ ਪਹਿਲਾਂ ਨਗਰ ਨਿਗਮ ਨਗਰ ਕੌਂਸਲ ਚੋਣਾਂ ਹੋ ਕੇ ਹਟੀਆਂ ਹਨ ਉਸ ਤੋਂ ਬਾਅਦ ਨਤੀਜੇ ਆਏ ਸਮੁੱਚੇ ਪੰਜਾਬ ਦੇ ਵਿੱਚ ਜੋ ਨਤੀਜੇ ਆਏ ਉਸ ਵਿੱਚ ਧੱਕੇਸ਼ਾਹੀ ਦੀਆਂ ਖਬਰਾਂ ਸਾਹਮਣੇ ਆਈਆਂ ਧੱਕੇ ਸ਼ਾਹੀ ਕੌਣ ਕਰ ਸਕਦਾ ਹੈ ਜੋ ਮੌਜੂਦਾ ਸਮੇਂ ਸਰਕਾਰ ਵਿੱਚ ਹੋਵੇ ਇਹੀ ਧੱਕੇਸ਼ਾਹੀ ਜਿਲਾ ਲੁਧਿਆਣਾ ਦੇ ਮਾਛੀਵਾੜਾ ਵਿੱਚ ਵੀ ਚੱਲੀ ਚੋਣਾਂ ਤੋਂ ਪਹਿਲਾਂ ਹੀ ਵਿਰੋਧੀ ਪਾਰਟੀਆਂ ਦੇ ਕਾਗਜ ਰੱਦ ਕਰਵਾ ਦਿੱਤੇ ਉਸ ਤੋਂ ਬਾਅਦ ਜੋ ਚੋਣ ਪ੍ਰਕਿਰਿਆ ਚਲਣੀ ਸੀ ਉਸ ਦਾ ਵੀ ਸਭ ਨੂੰ ਹੀ ਪਤਾ ਸੀ। ਖੈਰ ਚੋਣਾਂ ਹੋਈਆਂ ਮਾਛੀਵਾੜਾ ਦੀਆਂ ਨਗਰ ਕੌਂਸਲ ਚੋਣਾਂ ਦੇ ਵਿੱਚ ਆਪ ਦਾ ਪਲੜਾ ਧੱਕੇਸ਼ਾਹੀ ਦੇ ਨਾਲ ਭਾਰੀ ਰਿਹਾ ਅਖੀਰ ਵਿੱਚ ਜਦੋਂ ਅੱਜ ਨਗਰ ਕੌਂਸਲ ਪ੍ਰਧਾਨ ਦੀ ਚੋਣ ਹੋਈ ਤਾਂ ਉਹ ਕਿਆਸ ਅਰਾਈਆਂ ਸੱਚ ਹੋਈਆਂ ਜੋ ਪਹਿਲਾਂ ਹੀ ਲਗ ਚੁਕੀਆਂ ਸਨ ਕਿ ਇਹਨਾਂ ਚੋਣਾਂ ਦੇ ਵਿੱਚ ਪ੍ਰਧਾਨ ਕੌਣ ਬਣੇਗਾ ਆਮ ਲੋਕਾਂ ਦੀ ਅਵਾਜ਼ ਸੀ ਕਿ ਪ੍ਰਧਾਨ ਸੋਨੂ ਕੁੰਦਰਾ ਬਣੇਗਾ ਅਖੀਰ ਨੂੰ ਸੋਨੂ ਕੁੰਦਰਾ ਪ੍ਰਧਾਨ ਬਣ ਗਿਆ।



ਸੋਨੂ ਕੁੰਦਰਾ ਕੁੰਦਰਾ ਪਰਿਵਾਰ ਦੇ ਵਿੱਚੋਂ ਹੈ ਜੋ ਹੁਣ ਤੱਕ ਕਾਂਗਰਸ ਦੇ ਨਾਲ ਡਟਿਆ ਰਿਹਾ ਤੇ ਕਾਂਗਰਸ ਦੇ ਵਿੱਚੋਂ ਕੁੰਦਰਾ ਪਰਿਵਾਰ ਨੇ ਬਹੁਤ ਕੁਝ ਪ੍ਰਾਪਤ ਕੀਤਾ ਜਦੋਂ ਸੋਨੂ ਕੁੰਦਰਾ ਕਾਂਗਰਸ ਵਿੱਚ ਸ਼ਾਮਲ ਹੋਇਆ ਸੀ ਤਾਂ ਸਮਝਦਾਰ ਲੋਕ ਉਸ ਵੇਲੇ ਹੀ ਅੰਦਾਜੇ ਲਗਾ ਰਹੇ ਸਨ ਕਿ ਆਉਣ ਵਾਲੇ ਸਮੇਂ ਵਿੱਚ ਆਹ ਹੋਣਾ ਹੈ ਤੇ ਉਹੀ ਅਖੀਰ ਨੂੰ ਹੋ ਗਿਆ।

ਅਸੀਂ ਨਵੇਂ ਚੁਣੇ ਗਏ ਸੋਨੂ ਕੁੰਦਰਾ ਵਧਾਈਆਂ ਦਿੰਦੇ ਹਾਂ ਪਰ ਇੱਥੇ ਇਕ ਗੱਲ ਵਰਣਨ ਯੋਗ ਹੈ ਇਹ ਗੱਲ ਇਕੱਲੇ ਮਾਛੀਵਾੜੇ ਨਾਲ ਹੀ ਨਹੀਂ ਸਮੁੱਚੇ ਪੰਜਾਬ ਵਿੱਚ ਹੀ ਚੱਲ ਰਹੀ ਹੈ ਕਿ ਆਮ ਆਦਮੀ ਪਾਰਟੀ ਦੇ ਮੁਢਲੇ ਵਰਕਰ ਸਿਰਫ ਦਰੀਆਂ ਵਛਾਉਣ ਤੱਕ ਹੀ ਸੀਮਤ ਰਹਿ ਗਏ ਚਾਹੇ ਲੋਕ ਸਭਾ ਦੀ ਚੋਣ ਹੋਵੇ ਜਾਂ ਕੋਈ ਹੋਰ ਇਸ ਵਿੱਚ ਬਾਹਰੋਂ ਆਏ ਹੋਏ ਦੂਜੀਆਂ ਪਾਰਟੀਆਂ ਦੇ ਹੀ ਕਦਰ ਪੈਂਦੀ ਹੈ ਜਿਨਾਂ ਨੇ ਗਰਾਊਂਡ ਲੈਵਲ ਤੋਂ ਆਮ ਆਦਮੀ ਪਾਰਟੀ ਲਈ ਕੰਮ ਕੀਤਾ ਉਹ ਵਿਚਾਰੇ ਨਾ ਇਧਰ ਦੇ ਰਹੇ ਨਾ ਉਧਰ ਦੇ ਰਹੇ, ਹਾਂ ਉਹ ਬਗਾਵਤ ਕਰਨ ਜੋਗੇ ਵੀ ਨਹੀਂ ਰਹੇ ਜੇ ਬਗਾਵਤ ਕਰਨਗੇ ਉਹਨਾਂ ਦੀ ਕਿਹੜਾ ਕਿਸ ਨੇ ਸੁਣਨੀ ਹੈ ਇਹ ਗੱਲਾਂ ਮੈਂ ਨਹੀਂ ਕਹਿ ਰਿਹਾ ਮਾਛੀਵਾੜਾ ਦੇ ਲੋਕਾਂ ਦੀ ਆਵਾਜ਼ ਕਹਿ ਰਹੀ ਹੈ ਬਾਕੀ ਤੁਸੀਂ ਆਪ ਸਿਆਣੇ ਹੋ।

# ਬਿਜਲੀ ਦੇ ਸ਼ਾਰਟ ਸਰਕਟ ਨਾਲ ਘਰ ਚ ਲੱਗੀ ਭਿਆਨਕ ਅੱਗ , ਲੱਖਾਂ ਦਾ ਨੁਕਸਾਨ, ਕੀਮਤੀ ਸਮਾਨ ਸੜ ਕੇ ਹੋਇਆ ਸਵਾਹ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-** ਸ਼ਾਮ ਚੁਰਾਸੀ ਨੇੜੇ ਪਿੰਡ ਧੁਦਿਆਲ ਵਿਖੇ ਬੀਤੀ ਰਾਤ ਇੱਕ ਘਰ ਵਿੱਚ ਭਿਆਨਕ ਅੱਗ ਲੱਗ ਜਾਣ ਕਾਰਨ ਲੱਖਾਂ ਦਾ ਕੀਮਤੀ ਸਮਾਨ ਸੜ ਕੇ ਸਵਾਹ ਹੋਣ ਦਾ ਖਦਸਾ ਹੈ । ਅੱਗ ਬਿਜਲੀ ਦੇ ਸ਼ਾਰਟ ਸਰਕਟ ਨਾਲ ਲੱਗੀ ਦੱਸੀ ਗਈ ਹੈ । ਉਕਤ ਘਟਨਾ ਦੇ ਸ਼ਿਕਾਰ ਪੀੜਿਤ ਪਰਿਵਾਰ ਜਸਵੀਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਧੁਦਿਆਲ ਨੇ ਦੱਸਿਆ ਕਿ ਉਹ ਆਪਣੇ ਨਾਲ ਦੇ ਘਰ ਵਿੱਚ ਸੁੱਤੇ ਹੋਏ ਸਨ, ਜਦ ਕਿ ਇਹ ਹਾਦਸਾ ਉਹਨਾਂ ਦੇ ਨਵੇਂ ਘਰ ਦੇ ਨਾਲ ਲੱਗਦੇ ਉਹਨਾਂ ਦੇ ਪੁਰਾਣੇ ਘਰ ਵਿੱਚ ਵਾਪਰਿਆ । ਅਚਾਨਕ ਤੜਕਸਾਰ ਬਿਜਲੀ ਦਾ ਸ਼ਾਰਟ ਸਰਕਟ ਹੋਇਆ, ਜਿਸ ਕਾਰਨ ਇਹ ਹਾਦਸਾ ਵਾਪਰ ਗਿਆ ਜਿਸ ਨੇ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਦੇਖਦੇ ਹੀ ਦੇਖਦੇ ਘਰ ਦਾ ਸਾਰਾ ਕੀਮਤੀ ਸਮਾਨ ਸਾੜ ਕੇ ਸਵਾਹ ਕਰ ਦਿੱਤਾ । ਪੀੜਿਤ ਪਰਿਵਾਰ ਦੇ ਮੁਖੀ ਜਸਵੀਰ ਸਿੰਘ ਨੇ ਦੱਸਿਆ ਕਿ ਉਸ ਦਾ ਕਰੀਬ ਪੰਜ ਤੋਂ ਸੱਤ ਲੱਖ ਦੇ ਕਰੀਬ ਦਾ ਸਮਾਨ ਅਤੇ ਸਾਰਾ ਮਕਾਨ ਤਹਿਸ ਨਹਿਸ ਹੋ ਗਿਆ ਹੈ, ਬਾਲਿਆਂ ਦੀ ਛੱਤ ਹੋਣ ਕਰਕੇ ਉਸ ਨੂੰ ਅੱਗ ਪੈਣ ਕਾਰਨ ਛੱਤ ਵੀ ਤੇ ਢੇਰੀ ਹੋ ਗਈ ਅਤੇ ਘਰ ਵਿੱਚ



ਪਿਆ ਸਾਰਾ ਕੀਮਤੀ ਸਮਾਨ ਜਿਸ ਵਿੱਚ ਇਲੈਕਟਰੋਨਿਕ ਉਪਕਰਨ ਅਤੇ ਹੋਰ ਰੋਜਮਰਾ ਦੀ ਜਿੰਦਗੀ ਵਿੱਚ ਵਰਤੇ ਜਾਣ ਵਾਲੇ ਘਰੇਲੂ ਸਮਾਨ ਦੀ ਬਹੁਤਾਤ ਹੈ ਕੱਪੜੇ ਲੀੜੇ ਸਮੇਤ ਕਾਫੀ ਨੁਕਸਾਨ ਹੋ ਗਿਆ ਹੈ। ਇਸ ਅੱਗ ਬਾਰੇ ਉਹਨਾਂ ਨੂੰ ਸਵੇਰੇ ਪਤਾ ਲੱਗਿਆ ਜਿਉਂ ਹੀ ਉਹਨਾਂ ਨੂੰ ਪਤਾ ਲੱਗਿਆ ਕਿ ਘਰ ਵਿੱਚ ਅੱਗ ਲੱਗੀ ਹੋਈ ਹੈ ਤਾਂ ਉਹਨਾਂ ਨੇ ਤੁਰੰਤ ਪੁਲਿਸ ਸਟੇਸ਼ਨ ਫੋਨ ਕੀਤਾ ਜਿੱਥੇ ਫਾਇਰ ਬ੍ਰਿਗੇਡ ਨਾਲ ਰਾਬਤਾ ਸਾਧ ਕੇ ਅੱਗ ਬੁਝਾਊ ਗੱਡੀਆਂ ਨੇ ਇਸ ਮੱਚੀ ਹੋਈ ਅੱਗ ਤੇ ਕਾਬੂ ਪਾਉਣ ਲਈ ਮੌਕੇ ਤੇ ਪਹੁੰਚ ਕੀਤੀ। ਜਦ ਤੱਕ ਅੱਗ ਤੇ ਕਾਬੂ ਪਾਇਆ ਗਿਆ ਉਦੋਂ ਤੱਕ ਕਰੀਬ ਸਾਰਾ ਕੀਮਤੀ ਸਮਾਨ ਸੜ ਕੇ ਸਵਾਹ ਹੋ ਚੁੱਕਾ ਸੀ । ਪੀੜਿਤ ਪਰਿਵਾਰ ਨੇ ਜ਼ਿਲ੍ਹਾ ਪ੍ਰਸ਼ਾਸਨ



ਡਿਪਟੀ ਕਮਿਸ਼ਨਰ ਸਾਹਿਬ ਨੂੰ ਗੁਹਾਰ ਲਗਾਈ ਹੈ ਕਿ ਉਹਨਾਂ ਦੀ ਇਸ ਹੋਏ ਨੁਕ- ਸਾਨ ਦੀ ਭਰਭਾਈ ਕਰਵਾਈ ਜਾਵੇ ਅਤੇ ਬਾਜਬ ਮੁਆਵਜਾ ਦਿੱਤਾ ਜਾਵੇ ।

# ਅਜ਼ਾਦ ਕਬੱਡੀ ਕਲੱਬ ਸ਼ਕਰਪੁਰ ਵਲੋਂ ਤੀਸਰਾ ਕਬੱਡੀ ਕੱਪ ਸ਼ਕਰਪੁਰ ਜਲੰਧਰ ਵਿਖੇ : ਬਿੰਦਾ ਮਾਨ ਕੈਨੇਡਾ ਕਬੱਡੀ ਪ੍ਰਮੋਟਰ ਅਤੇ ਰਾਣਾ ਬਲਾਚੌਰ

**ਜਲੰਧਰ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਬਿੰਦਾ ਮਾਨ ਕੈਨੇਡਾ ਕਬੱਡੀ ਪ੍ਰਮੋਟਰ , ਅਤੇ ਰਾਣਾ ਬਲਾਚੌਰ, ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਫਰਿਆਦ ਅਲੀ , ਮਲੋਕ ਅਲੀ ,ਅਤੇ ਸ਼ਹਿਜਾਦ ਅਲੀ ,ਦਾ ਅਜ਼ਾਦ ਕਬੱਡੀ ਕਲੱਬ ਸ਼ਕਰਪੁਰ ਵਲੋਂ ਤੀਸਰਾ ਕਬੱਡੀ ਕੱਪ ਮਿਤੀ 14 ਜਨਵਰੀ ਨੂੰ ਪਿੰਡ ਸ਼ਕਾਰਪੁਰ ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ ਲ ਇਸ ਕਬੱਡੀ ਕੱਪ ਵਿੱਚ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਨੂੰ 1,50,000 ਰੁਪਏ ਅਤੇ ਦੂਸਰਾ ਸਥਾਨ ਹਾਸਿਲ ਕਰਨ ਵਾਲੇ ਨੂੰ








1,00,000 ਇਨਾਮ ਵਜੋਂ ਦਿੱਤੇ ਜਾਣਗੇ। ਇਸ ਤੋਂ ਇਲਾਵਾ ਬੈਸਟ ਰੇਡਰ ਅਤੇ ਜਾਫੀ ਨੂੰ ਸਰਪ੍ਰਾਇਜ਼ ਦਿੱਤਾ ਜਾਵੇਗਾ। ਇਸ ਕਬੱਡੀ ਕਪ ਵਿੱਚ ਕਬੱਡੀ ਆਲ ਓਪਨ ਟੀਮਾਂ ਹਿੱਸਾ ਲੈਣਗੀਆ ਅਤੇ ਆਪਣੇ ਬਲ ਦਾ ਪ੍ਰਦਸ਼ਨ ਕਰਨਗੀਆ।

# ਪ੍ਰਾਇਮਰੀ ਸਕੂਲ, ਭੋਡੀਪੁਰ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਗਿਆ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸਰਕਾਰੀ ਪ੍ਰਾਇਮਰੀ ਸਕੂਲ, ਭੋਡੀਪੁਰ ਵਿਖੇ ਨਵੇਂ ਸਾਲ ਦੀ ਆਮਦ 'ਤੇ ਸਕੂਲ ਖੁੱਲ੍ਹਦਿਆਂ ਹੀ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਇਸ ਦੌਰਾਨ ਪਿੰਡ ਭੋਡੀਪੁਰ ਅਤੇ ਪਿੰਡ ਮੂਸੇਵਾਲ ਦੇ ਨਿਵਾਸੀਆਂ ਵੱਲੋਂ ਸਕੂਲ ਦੇ ਸਮਾਗਮ ਵਿਚ ਸ਼ਿਰਕਤ ਕੀਤੀ ਗਈ ਅਤੇ ਵਿਦਿਆਰਥੀਆਂ ਨਾਲ ਆਪਣਾ ਸਮਾਂ ਬਤੀਤ ਕੀਤਾ ਗਿਆ। ਇਸੇ ਤਰ੍ਹਾਂ ਸਕੂਲ ਦੇ ਪੰਜਵੀਂ ਜਮਾਤ ਦੇ ਵਿਦਿਆਰਥੀ ਰਜਨੀਸ਼ ਤੇਜੀ ਦੇ ਮਾਪਿਆਂ ਸੁਖਦੇਵ ਕੁਮਾਰ ਅਤੇ ਪਵਨਦੀਪ ਕੌਰ, ਮੂਸੇਵਾਲ ਵੱਲੋਂ ਸਮੂਹ ਵਿਦਿਆਰਥੀਆਂ ਨੂੰ ਮੂੰਗਫ਼ਲੀ ਅਤੇ ਰਿਓੜੀਆਂ ਵੰਡੀਆਂ ਗਈਆਂ। ਸਰਕਾਰੀ ਪ੍ਰਾਇਮਰੀ ਸਕੂਲ, ਭੋਡੀਪੁਰ ਦੇ




ਸਕੂਲ ਮੁਖੀ ਜਸਵੀਰ ਸਿੰਘ 'ਸ਼ਾਇਰ' ਹੁਰਾਂ ਆਏ ਪਤਵੰਤੇ ਸੱਜਣਾ ਅਤੇ ਲੋਹੜੀ ਦੇ ਪਲ ਸਾਂਝੇ ਕਰਨ ਆਏ ਸਮੂਹ ਸਿਆਣਿਆਂ ਦਾ ਧੰਨਵਾਦ ਕੀਤਾ ਅਤੇ ਲੋਹੜੀ ਦੇ ਤਿਓਹਾਰ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਮੈਡਮ ਅਮਨਦੀਪ ਕੌਰ, ਬੀਬੀ ਮਹਿੰਦਰ ਕੌਰ, ਬੀਬੀ ਬਲਵਿੰਦਰ ਕੌਰ ਅਤੇ ਬੀਬੀ ਬੀਰੋ ਤੋਂ ਇਲਾਵਾ ਸਮੂਹ ਸਕੂਲ ਸਟਾਫ਼ ਅਤੇ ਸਮੂਹ ਵਿਦਿਆਰਥੀਆਂ ਹਾਜ਼ਰ ਸਨ।

# ਬਸਪਾ ਪੰਜਾਬ ਪ੍ਰਧਾਨ ਸ ਅਵਤਾਰ ਸਿੰਘ ਕਰੀਮਪੁਰੀ ਜੀ ਦਾ ਮਨੀਸ਼ ਮੈਡੀਕਲ ਸਟੋਰ ਬੰਗਾ ਵਿਖੇ ਪਹੁੰਚਣ ਤੇ ਨਿੱਘਾ ਸਵਾਗਤ .ਪ੍ਰਦੀਪ ਜੱਸੀ

**ਬੰਗਾ( ਚਰਨਜੀਤ ਸੱਲ੍ਹਾ )** ਅੱਜ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਜੀ ਮਨੀਸ਼ ਮੈਡੀਕਲ ਸਟੋਰ ਤੇ ਪਹੁੰਚਣ ਤੇ ਬਹੁਤ ਹੀ ਨਿੱਘਾ ਸਵਾਗਤ ਕੀਤਾ ਗਿਆ ਲ ਇਸ ਮੌਕੇ ਸ ਕਰੀਮਪੁਰੀ ਜੀ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਨੂੰ ਸਾਰੇ ਸਾਥੀਆਂ ਨੂੰ ਇੱਕ ਜੁੱਟ ਹੋ ਕੇ ਸੰਗਠਨ ਮਜਬੂਤ ਕਰਨ ਲਈ ਸਖ਼ਤ ਮਿਹਨਤ ਕਰਨੀ ਪਵੇਗੀ ਤਾਂ ਹੀ ਵਧੀਆ ਨਤੀਜੇ ਆ ਸਕਦੇ ਹਨ ਲ ਇਸ ਤਰਾਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਸੁਪਨਾ ਪੂਰਾ ਕੀਤਾ ਜਾ ਸਕੇਗਾ ਲ ਪ੍ਰਧਾਨ ਜੀ ਨੇ ਮਨੀਸ਼ ਮੈਡੀਕਲ ਸਟੋਰ ਤੇ ਮਰੀਜਾਂ ਨੂੰ ਵਧੀਆ ਦਵਾਈ ਦੇਣ ਅਤੇ ਘੱਟ ਕੀਮਤ ਲੈਣ ਤੇ ਵਧਾਈ ਦਿੱਤੀ



। ਇਸ ਮੌਕੇ ਸੀਨੀਅਰ ਬਸਪਾ ਆਗੂ ਪ੍ਰਦੀਪ ਜੱਸੀ ਤੋਂ ਇਲਾਵਾ ਸ਼੍ਰੀ ਰਾਮ ਲੁਭਾਇਆ ਪ੍ਰਧਾਨ ਬਸਪਾ ਵਿਧਾਨ ਸਭਾ ਹਲਕਾ ਬੰਗਾ, ਸ਼੍ਰੀ ਵਿਜੇ ਮਜਾਰੀ ਨੌਜਵਾਨ ਬਸਪਾ ਆਗੂ ,ਸ਼੍ਰੀ ਮਨੋਹਰ ਬਹਿਰਾਮ , ਸ਼੍ਰੀਮਤੀ ਰਵਿੰਦਰ ਮਹਿਮੀ ਅਤੇ ਡਾ ਮਨੀਸ਼ ਜੱਸੀ ਮਾਲਕ ਮਨੀਸ਼ ਮੈਡੀਕਲ ਸਟੋਰ ਅਤੇ ਹੋਰ ਸਾਥੀ ਹਾਜ਼ਰ ਸਨ ।

# ਪਿੰਡ ਬਘਰੌਲ ਅਤੇ ਦਿੜਬਾ ਬਹੁਜਨ ਸਮਾਜ ਪਾਰਟੀ ਦੇ ਸਾਥੀ ਡੀ ਸੀ ਸੰਗਰੂਰ ਨੂੰ ਮਿਲੇ

**ਦਿੜਬਾ( ਚਰਨਜੀਤ ਸੱਲ੍ਹਾ )** ਪਿੰਡ ਬਘਰੌਲ ,ਹਲਕਾ ਦਿੜਬਾ ਦੇ ਪਿੰਡ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਜੀ ਦਾ ਬੁੱਤ ਨੂੰ ਲਾਉਣ ਤੋਂ ਰੋਕਿਆ ਜਾ ਰਿਹਾ ਹੈ ਇਸ ਸਬੰਧੀ ਸਾਰੇ ਪਿੰਡ ਦੇ ਮੁਹਤਬਰ ਸਾਥੀ, ਬਹੁਜਨ ਸਮਾਜ ਪਾਰਟੀ ਦੀ ਸਾਰੀ ਟੀਮ, ਜ਼ਿਲਾ ਪ੍ਰਧਾਨ ਅਤੇ ਹੋਰ ਜਥੇਬੰਦੀਆਂ ਇਸ ਸਬੰਧੀ ਮਾਨਯੋਗ ਡੀ ਸੀ ਸਾਹਿਬ ਸੰਗਰੂਰ ਨੂੰ ਮਿਲ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਉਹਨਾਂ ਨੇ ਵਿਸ਼ਵਾਸ਼ ਦਵਾਇਆ ਕੀ ਜਲਦੀ ਹੀ ਪਿੰਡ ਬਘਰੌਲ ਦੇ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ ਬੁੱਤ ਨੂੰ ਸਨਮਾਨ ਸਹਿਤ ਲਗਵਾ ਦਿੱਤਾ ਜਾਵੇਗਾ। ਜੇਕਰ ਤਿੰਨ ਦਿਨਾਂ ਦੇ



ਵਿੱਚ ਵਿੱਚ ਸ਼ਾਸਨ ਤੇ ਪ੍ਰਸ਼ਾਸਨ ਨੇ ਬੁੱਤ ਨਾ ਲਗਵਾਇਆ ਤਾਂ ਪਿੰਡ ਦੇ ਲੋਕ ਅਤੇ ਬਸਪਾ ਅਤੇ ਹੋਰ ਹਮਖਿਆਲੀ ਜਥੇਬੰਦੀਆਂ ਦੇ ਸਹਿਯੋਗ ਦੇ ਨਾਲ ਸੰਘਰਸ਼ ਵਿੱਢਿਆ ਜਾਵੇਗਾ॥
ਜੈ ਭੀਮ ਜੈ ਭਾਰਤ, ਜੈ ਸੰਵਿਧਾਨ ਜੈ ਭਾਰਤ, ਰਤਨ ਬਾਬਾ ਸਾਹਿਬ ਅੰਬੇਡਕਰ ਜੀ ਦੀ ਜੈ, ਸਾਹਿਬ ਸ਼੍ਰੀ ਕਾਂਸ਼ੀ ਰਾਮ ਅਮਰ ਰਹੇ।

# ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਜੰਮੂ-ਕਸ਼ਮੀਰ ਵਿੱਚ ਬਸਪਾ ਸੰਗਠਨ ਦੇ ਕੰਮਕਾਜ ਦੀ ਸਮੀਖਿਆ ਕੀਤੀ

## ਭੈਣ ਕੁਮਾਰੀ ਮਾਇਆਵਤੀ ਦਾ ਜਨਮਦਿਨ ਜੰਮੂ ਦੇ ਸਾਰੇ ਜ਼ਿਲ੍ਹਿਆਂ ਵਿੱਚ ਜਨਕਲਿਆਣਕਾਰੀ ਦਿਵਸ ਵੱਜੋਂ ਮਨਾਇਆ ਜਾਵੇਗਾ

**ਜੰਮੂ।** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਜੰਮੂ-ਕਸ਼ਮੀਰ ਸੂਬੇ ਦੀ ਇੱਕ ਮੀਟਿੰਗ ਪਾਰਟੀ ਦੇ ਜੰਮੂ ਵਿਖੇ ਦਫਤਰ ਵਿੱਚ ਹੋਈ। ਇਸ ਦੌਰਾਨ ਬਸਪਾ ਦੇ ਜੰਮੂ-ਕਸ਼ਮੀਰ ਦੇ ਇੰਚਾਰਜ ਤੇ ਸਾਬਕਾ ਸਾਂਸਦ ਡਾ. ਅਵਤਾਰ ਸਿੰਘ ਕਰੀਮਪੁਰੀ ਵਿਸ਼ੇਸ਼ ਤੌਰ 'ਤੇ ਮੀਟਿੰਗ ਵਿੱਚ ਸ਼ਾਮਲ ਹੋਏ। ਡਾ. ਕਰੀਮਪੁਰੀ ਨੇ ਜੰਮੂ-ਕਸ਼ਮੀਰ ਵਿੱਚ ਪਾਰਟੀ ਸੰਗਠਨ ਦੀ ਮਜ਼ਬੂਤੀ ਲਈ ਆਗੂਆਂ-ਵਰਕਰਾਂ ਨੂੰ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦਾ ਜਨਮਦਿਨ 15 ਜਨਵਰੀ ਨੂੰ ਆ



ਰਿਹਾ ਹੈ। ਇਸ ਦਿਨ ਨੂੰ ਦੇਸ਼ਭਰ ਵਿੱਚ ਜਨਕਲਿਆਣਕਾਰੀ ਦਿਵਸ ਵੱਜੋਂ ਮਨਾਇਆ ਜਾਵੇਗਾ। ਇਸ ਸਬੰਧ ਵਿੱਚ ਜੰਮੂ ਦੇ ਸਾਰੇ ਜ਼ਿਲ੍ਹਿਆਂ ਵਿੱਚ ਬਸਪਾ ਵਰਕਰਾਂ ਵੱਲੋਂ ਸਮਾਗਮ ਕੀਤੇ ਜਾਣਗੇ। ਡਾ. ਕਰੀਮਪੁਰੀ ਨੇ ਕਿਹਾ ਕਿ ਭੈਣ ਕੁਮਾਰੀ ਮਾਇਆਵਤੀ ਨੇ ਆਪਣਾ ਸਾਰਾ ਜੀਵਨ ਮਹਾਪੁਰਖਾਂ ਦੇ ਮਿਸ਼ਨ ਨੂੰ ਸਮਰਪਿਤ ਕੀਤਾ ਹੈ। ਉਨ੍ਹਾਂ ਦਾ ਜੀਵਨ ਸੰਘਰਸ਼ ਕਰੋੜਾਂ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਹੈ।
ਮੀਟਿੰਗ ਦੌਰਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਜੰਮੂ-ਕਸ਼ਮੀਰ ਦੇ ਪਾਰਟੀ ਅਹੁਦੇਦਾਰਾਂ ਨਾਲ ਸੰਗਠਨ ਦੇ ਕੰਮਕਾਜ ਦੀ ਸਮੀਖਿਆ ਕੀਤੀ। ਨਾਲ ਹੀ ਉਨ੍ਹਾਂ ਨੇ ਬੂਥ ਪੱਧਰ 'ਤੇ ਬਸਪਾ ਦੀ ਮਜ਼ਬੂਤੀ ਬਾਰੇ ਵਿਚਾਰ ਰੱਖੇ। ਇਸ ਮੌਕੇ ਬਸਪਾ ਦੇ ਜੰਮੂ-ਕਸ਼ਮੀਰ ਦੇ ਪ੍ਰਧਾਨ ਦਰਸ਼ਨ ਰਾਣਾ, ਇੰਚਾਰਜ ਗੁਰਬਖਸ਼ ਗੌਰਵ, ਉਪਪ੍ਰਧਾਨ ਚਰਨਜੀਤ ਚਰਗੋਤਰਾ ਅਤੇ ਹੋਰ ਅਹੁਦੇਦਾਰ ਵੀ ਮੌਜੂਦ ਸਨ।

# ਬੁੱਧ ਚਿੰਤਨ: ਘੁੰਮ ਚਰਖੜਿਆ ਘੁੰਮ, ਤੇਰੀ ਕੱਤਣ ਵਾਲੀ ਜੀਵੇ!

ਬਹੁਗਿਣਤੀ ਮਨੁੱਖ ਪਚੱਨਵੇ ਦੇ ਚੱਕਰ ਵਿੱਚ ਫਸ ਕੇ ਰਹਿ ਜਾਂਦੇ ਹਨ। ਕਿਸੇ ਨੂੰ ਇਹ ਕੋਈ ਨਹੀਂ ਦੱਸਦਾ ਮਿਹਨਤ ਤੇ ਅਭਿਆਸ, ਸਬਰ ਸੰਤੋਖ ਦੇ ਨਾਲ ਸਭ ਕੁੱਝ ਹਾਸਲ ਕੀਤਾ ਜਾ ਸਕਦਾ ਹੈ। ਕੋਈ ਵੀ ਚੀਜ਼ ਇੱਕ ਦਿਨ ਵਿੱਚ ਹਾਸਲ ਨਹੀਂ ਕੀਤੀ ਜਾ ਸਕਦੀ। ਉਸਨੂੰ ਹਾਸਲ ਕਰਨ ਲਈ ਖੁਦ ਜ਼ਿੰਦਗੀ ਦੇ ਸੰਘਰਸ਼ ਵਿੱਚ ਉਤਰਨਾ ਪੈਂਦਾ ਹੈ। ਬਿਨਾਂ ਪਾਣੀ ਵਿੱਚ ਉਤਰਿਆਂ ਤਰਨਾ ਨਹੀਂ ਸਿਖਿਆ ਜਾ ਸਕਦਾ। ਜ਼ਿੰਦਗੀ ਭਵ ਸਾਗਰ ਹੈ, ਇਸਨੂੰ ਤਰ ਕੇ ਹੀ ਪਾਰ ਕੀਤਾ ਜਾ ਸਕਦਾ ਹੈ। ਸਾਹਿਤਕਾਰ, ਸੰਗੀਤਕਾਰ, ਅਦਾਕਾਰ,ਚਿਤਰਕਾਰ ਬਨਣ ਲਈ ਮੰਜ਼ਿਲ ਤਾਂ ਨੇੜੇ ਹੈ ਪਰ ਰਸਤਾ ਬੜਾ ਬਿਖੜਾ ਹੈ ਪਰ ਮਿਹਨਤ, ਸਿਦਕ, ਸ਼ਕਤੀ, ਚਾਅ, ਸੁਪਨੇ, ਦ੍ਰਿੜਤਾ ਤੇ ਆਪਣਾ ਸਾਰਾ ਧਿਆਨ ਇੱਕ ਥਾਂ 'ਤੇ ਕੇਂਦਰ ਕਰਨ ਨਾਲ ਕੁੱਝ ਵੀ ਬਣਿਆ ਜਾ ਸਕਦਾ ਹੈ। ਕਿਸੇ ਦੀ ਰੂਹ ਨੂੰ ਆਪਣੀ ਰੂਹ ਵਿੱਚ ਸ਼ਾਮਲ ਕਰ ਲੈਣਾ ਤਾਂ ਔਖਾ ਹੁੰਦਾ ਹੈ ਪਰ ਜੇ ਰੂਹ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਵੇ ਤਾਂ ਇਹ ਕੋਈ ਔਖਾ ਨਹੀਂ ਹੁੰਦਾ ਪਰ ਅਸੀਂ ਇਸ ਰਸਤੇ ਤੁਰਦੇ ਨਹੀਂ। ਵੱਡੇ ਵੱਡੇ ਫਨਕਾਰ, ਗਾਇਕ ਤੇ ਸਾਹਿਤਕਾਰ ਅਕਸਰ ਹੀ ਆਪਣੀ ਮੁਲਾਕਾਤ ਮੌਕੇ ਇਹ ਝੂਠ ਬੋਲਦੇ ਹਨ, ਕਿ "ਇਹ ਤਾਂ ਉਨਾਂ ਨੂੰ ਕੁਦਰਤ ਵੱਲੋਂ ਮਿਲਿਆ ਤੋਹਫਾ ਹੈ।" ਅਸਲ ਵਿੱਚ ਇਹ ਸਭ ਕੁੱਝ ਉਨਾਂ ਦੇ ਅਭਿਆਸ ਦਾ ਸਿੱਟਾ ਹੁੰਦਾ ਹੈ। ਅਭਿਆਸ ਇੱਕ ਦਿਨ ਰੰਗ ਹੀ ਲਿਆਉਂਦਾ ਹੈ। ਲੋੜ ਤਾਂ ਹੁੰਦੀ ਹੈ, ਜ਼ਿੰਦਗੀ ਵਿੱਚ ਰੰਗ ਭਰਨ ਦੀ। ਜਿਸ ਨੂੰ ਜ਼ਿੰਦਗੀ ਵਿੱਚ ਰੰਗ ਭਰਨਾ ਆਉਂਦਾ ਹੈ, ਉਹ ਕਦੇ ਵੀ ਉਦਾਸ ਨਹੀਂ ਹੁੰਦਾ। ਸਗੋਂ ਹਰ ਵੇਲੇ ਖਿੜਿਆ ਰਹਿੰਦਾ ਹੈ। ਖਿੜੇ ਰਹਿਣ ਲਈ ਖੁਦ ਖਿੜਨਾ ਪੈਂਦਾ ਹੈ। ਸ਼ਬਦਾਂ ਦੇ ਜਾਦੂਗਰ ਅਕਸਰ ਹੀ ਆਪਣੇ ਵਹਾਅ ਵਿੱਚ ਭੀੜ ਨੂੰ ਨਾਲ ਲੈ ਤੁਰਦੇ ਹਨ। ਉਨਾਂ ਅੰਦਰ ਇਹ ਮੁਹਾਰਤ ਇੱਕ ਦਿਨ ਵਿੱਚ ਨਹੀਂ ਆਉਂਦੀ । ਇਸ ਦੇ ਪਿਛੇ ਲੰਮੇ ਅਧਿਐਨ ਤੇ ਅਭਿਆਸ ਦਾ ਸਿੱਟਾ ਹੁੰਦਾ ਹੈ ਪਰ ਅਸੀਂ ਸਿੱਟੇ 'ਤੇ ਪਹਿਲਾਂ ਪੁੱਜਦੇ ਹਾਂ, ਤੁਰਦੇ ਬਾਅਦ ਵਿੱਚ ਹਾਂ। ਇਸੇ ਕਰਕੇ ਅਸੀਂ ਅਸਫਲ ਹੁੰਦੇ ਹਾਂ। ਹਰ ਸਫਲਤਾ ਦੀ ਹਰਕਤ ਪਹਿਲਾਂ ਮਨੁੱਖ ਦੇ ਮਨ ਵਿੱਚ ਅੰਗੜਾਈ ਭਰਦੀ ਹੈ, ਫਿਰ ਉਹ ਕਾਗਜ਼ 'ਤੇ ਉਤਰਕੇ ਹਕੀਕਤ ਦਾ ਰੂਪ ਅਖਿਤਿਆਰ ਕਰਦੀ ਹੈ। ਅਸੀਂ ਰੂਪ ਨੂੰ ਵੇਖ ਕੇ ਪਹਿਲਾਂ ਚਕਾਚੌਂਧ ਹੁੰਦੇ , ਪਰ ਮਨ ਅੰਦਰ ਕੋਈ ਸੁਪਨਾ, ਕੋਈ ਇੱਛਾ, ਤਾਂਘ ਨਾ ਹੋਣ ਕਰਕੇ ਹੱਥ ਮਲਦੇ ਰਹਿ ਜਾਂਦੇ ਹਾਂ। ਹਰ ਮਨੁੱਖ ਹਰ ਵੇਲੇ ਇੱਕ ਅਦਾਕਾਰ ਵਾਂਗ ਜ਼ਿੰਦਗੀ ਵਿੱਚ ਅਦਾਕਾਰੀ ਕਰਦਾ ਹੈ, ਹਰ ਦੀ ਅਦਾਕਾਰੀ ਕਿਸੇ ਦੇ ਨਾਲ ਨਹੀਂ ਜੁੜਦੀ! ਜਿਹੜੇ ਕਿਸੇ ਦੀ ਨਕਲ ਕਰਦੇ ਹਨ, ਉਹ ਆਪਣੀ ਹੋਂਦ ਗੁਆ ਲੈਂਦੇ ਹਨ। ਆਪਣੀ ਹੋਂਦ ਗਵਾਉਣੀ ਉਨਾਂ ਦੇ ਹਿੱਸੇ ਹੀ ਆਉਂਦੀ ਜਿਹੜੇ ਦੂਸਰਿਆਂ ਦੇ ਨਕਸ਼ੇ ਕਦਮਾਂ 'ਤੇ ਤੁਰਦੇ ਹਨ। ਦਰਿਆਵਾਂ ਦਾ ਆਪਣਾ ਕੋਈ ਵਹਿਣ ਨਹੀਂ ਹੁੰਦਾ। ਪਾਣੀ ਦਾ ਵੇਗ ਆਪਣੇ ਆਪ ਰਸਤੇ ਬਣਾਉਂਦਾ ਵਗਦਾ ਰਹਿੰਦਾ ਹੈ। ਵਗਦੇ ਪਾਣੀਆਂ ਦੇ ਨਾਲ ਨਾਲ ਤੁਰਨਾ ਤਾਂ ਸੌਖਾ ਹੈ, ਪਰ ਆਪਣਾ ਰਾਹ ਆਪ ਬਣਾਉਣਾ ਦਰਿਆਵਾਂ ਤੋਂ ਹੀ ਸਿੱਖਿਆ ਜਾ ਸਕਦਾ ਹੈ। ਨਿੱਕੇ ਬੱਚੇ ਨੂੰ ਬੋਲਣਾ, ਤੁਰਨਾ, ਹੱਸਣਾ ਤਾਂ ਕੋਈ ਨਹੀਂ ਸਿਖਾਉਂਦਾ, ਪੰਛੀਆਂ ਦਾ ਕੋਈ ਅਧਿਆਪਕ ਨਹੀਂ ਹੁੰਦਾ। ਉਨ੍ਹਾਂ ਦਾ ਅਧਿਆਪਕ ਤਾਂ ਉਨ੍ਹਾਂ ਦੀ ਅੱਖ ਤੇ ਸੋਝੀ ਹੁੰਦੀ ਹੈ। ਜਿਹੜੀ ਉਨਾਂ ਨੂੰ ਉਡਣਾ ਸਿਖਾਉਂਦੀ ਹੈ। ਉਡਣਾ ਕੋਈ ਔਖਾ ਰਸਤਾ ਨਹੀਂ, ਅਸੀਂ ਅਕਸਰ ਹੀ ਹਵਾ ਵਿੱਚ ਉਡਦੇ ਰਹਿੰਦੇ ਹਾਂ, ਪਰ ਧਰਤੀ ਦੀ ਖਿੱਚ ਪਰਿਵਾਰ ਦਾ ਮੋਹ, ਸਾਨੂੰ ਸਦਾ ਧਰਤੀ ਨਾਲ ਜੋੜੀ ਰੱਖਦਾ ਹੈ।



ਤਸਵੀਰ ਵਿੱਚ ਸ੍ਰ ਮਲਕੀਤ ਸਿੰਘ ਸਵੈਚ ਤੇ ਪਰਮਿੰਦਰ ਸਵੈਚ , ਬਲਜੀਤ ਕੌਰ ਨੀਲੋਂ ਪਿੰਡ ਸਾਹਨੇਵਾਲ ਖੁਰਦ ।

ਸ਼ਬਦਾਂ ਦੇ ਵਣਜਾਰੇ ਆਪਣੀਆਂ ਲਿਖਤਾਂ ਵਿੱਚ ਤਾਂ ਨਿਜ਼ਾਮ ਬਦਲਣ ਦੀਆਂ ਟਾਹਰਾਂ ਤਾਂ ਮਾਰਦੇ ਹਨ, ਪਰ ਜਦੋਂ ਸੱਤਾ ਮਾਇਆ ਦੀ ਛੱਤਰੀ ਤਾਣਦੀ ਹੈ, ਤਾਂ ਉਹ ਉਡਾਰੀ ਮਾਰ ਕੇ ਉੱਥੇ ਉਤਰ ਜਾਂਦੇ ਹਨ। ਇਸੇ ਕਰਕੇ ਹੁਣ ਲਿਖਤਾਂ ਦੇ ਨਾਲ ਕੋਈ ਲਹਿਰ ਨੀਂ ਉਸਰਦੀ। ਨਾ ਸਮਾਜ ਵਿਚ ਕੋਈ ਅਜਿਹੀ ਲਹਿਰ ਉਠ ਰਹੀ ਹੈ ਜਿਸ ਨਾਲ ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਜਿੱਥੇ ਕਿਤੇ ਕੋਈ ਲਹਿਰ ਉਠਦੀ ਹੈ ਉਸਨੂੰ ਸਟੇਟ ਡੰਡੇ ਦੇ ਜ਼ੋਰ ਨਾਲ ਦਬਾਅ ਦੇਂਦੀ ਹੈ, ਪਰ ਜਿਸ ਤਰਾਂ ਹੁਣ ਕਿਤੋਂ ਕਿਤੋਂ ਅੱਗ ਉਠ ਰਹੀ ਹੈ, ਇਹ ਜਰੂਰ ਕੋਈ ਰੰਗ ਲਿਆ ਸਕਦੀ ਹੈ। ਆਪਣੇ ਹੱਡਾਂ ਦਾ ਬਾਲਣ ਬਾਲ ਕੇ ਆਪਣਾ ਢਿੱਡ ਪਕਾਉਣਾ ਤਾਂ ਸੌਖਾ ਹੁੰਦਾ ਹੈ, ਪਰ ਕਿਸੇ ਭਾਗੋਂ ਦੇ ਪਕਵਾਨ ਖਾਣੇ ਬਹੁਤ ਔਖੇ ਹੁੰਦੇ ਹਨ। ਆਪਣੇ ਹੀ ਖੇਤਾਂ ਵਿੱਚ ਪਰਾਇਆਂ ਵਾਂਗ ਸਿਲਾ ਚੁਗਿਆ ਤਾਂ ਜਾ ਸਕਦਾ ਹੈ, ਪਰ ਕਿਸੇ ਲਈ ਛੱਤ ਜਾਂ ਬਾਂਹ ਨਹੀਂ ਬਣਿਆ ਜਾ ਸਕਦਾ। ਜੜਾਂ ਨਾਲੋਂ ਟੁੱਟ ਕੇ , ਬੇਗਾਨੀ ਥਾਂ ਜਾ ਕੇ ਧੁੱਪ ਤਾਂ ਮਾਣੀ ਜਾ ਸਕਦੀ ਹੈ ਪਰ ਕਿਸੇ ਲਈ ਫੁੱਲ ਤੇ ਫਲ ਨਹੀਂ ਬਣਿਆ ਜਾ ਸਕਦਾ। ਸ਼ੋਹਰਤ ਦੀ ਹਨੇਰੀ ਜੜ੍ਹਾਂ ਉਖਾੜ ਸਕਦੀ ਹੈ ਪਰ ਆਪਣੀਆਂ ਜੜ੍ਹਾਂ ਨਾਲ ਬੱਝੇ ਰਹਿਣਾ ਵੀ ਕੋਈ ਸੌਖਾ ਨਹੀਂ ਹੁੰਦਾ। ਮਨੁੱਖ ਪਰਵਾਸ ਨਹੀਂ ਕਰਦਾ ਸਗੋਂ ਢਿੱਡ ਪਰਵਾਸ ਕਰਦਾ ਹੈ ਇਸੇ ਕਰਕੇ ਅਸੀਂ ਆਪਣੇ ਢਿੱਡ ਦੇ ਰਖਵਾਲੇ ਬਣ ਜਾਂਦੇ ਹਾਂ। ਜਿਹੜੇ ਦੂਜਿਆਂ ਦੇ ਲਈ ਸੋਚਦੇ ਹਨ ਤੇ ਉਨ੍ਹਾਂ ਦੇ ਕੰਮ ਆਉਦੇ ਹਨ। ਲੋਕ ਉਨ੍ਹਾਂ ਨੂੰ ਹੀ ਯਾਦ ਰੱਖਦੇ ਹਨ । ਸਮਾਜ ਵਿੱਚ ਨਾਇਕਾਂ ਅਤੇ ਮਹਾਂ ਨਾਇਕਾਂ ਦਾ ਇਸੇ ਕਰਕੇ ਕਾਲ ਪੈ ਗਿਆ, ਕਿ ਇਨ੍ਹਾਂ ਬੋਹੜਾਂ ਨੇ ਆਪਣੇ ਥੱਲੇ ਕੋਈ ਰੁੱਖ ਹੀ ਉੱਗਣ ਤੇ ਮੌਲਣ ਦਿੱਤਾ। ਇਸੇ ਕਰਕੇ ਚਾਰੇ ਪਾਸੇ ਖਲਨਾਇਕਾਂ ਦਾ ਬੋਲਬਾਲਾ ਹੋ ਗਿਆ, ਅਸੀਂ ਭਵਿੱਖਹੀਣ, ਜੜ੍ਹਹੀਣ, ਰੁਜ਼ਗਾਰਹੀਣ, ਦਿਸ਼ਾਹੀਣ ਹੋ ਗਿਆ ਹੈ। ਇਸੇ ਕਰਕੇ ਸਵੈਵਾਦੀ ਹੋਏ ਹਾਂ, ਸਾਡੇ ਅੰਦਰੋਂ ਮਨੁੱਖ ਮਰ ਗਿਆ ਹੈ। ਉਹ ਬੰਦਾ ਮਰ ਗਿਆ ਹੈ, ਜਿਸਨੂੰ ਸਾਡੇ ਗੁਰੂਆਂ ਤੇ ਭਗਤਾਂ ਨੇ ਜਗਾਇਆ ਸੀ। ਸ਼ਰਧਾ ਦੇ ਭਰਤ ਨੇ ਸਾਨੂੰ ਗਿਆਨਹੀਣ ਬਣਾ ਦਿੱਤਾ ਹੈ। ਅਸੀਂ ਸ਼ਰਧਾ ਦੀਆਂ ਮੂਰਤੀਆਂ ਨੂੰ ਪੂਜਣ ਲੱਗੇ ਤੇ ਖੁਦ ਮੂਰਤੀਆਂ ਬਣ ਗਏ ਹਾਂ । ਅਸੀਂ ਮਾਨਵਵਾਦੀ ਨਹੀਂ ਸਗੋਂ ਪਦਾਰਥਵਾਦੀ ਹੋ ਗਏ ਹਾਂ । ਸਾਡੇ ਅੰਦਰ ਵਸਤੂਆਂ ਦੀ ਭਰਮਾਰ ਹੋ ਗਈ ਹੈ। ਇਸ ਕਰਕੇ ਅਸੀਂ ਹਰ ਵੇਲੇ ਬਾਹਰ ਨੂੰ ਭੱਜਦੇ ਤੇ ਦੌੜਦੇ ਰਹਿੰਦੇ ਹਾਂ। ਲਿਖਣਾ ਕੋਈ ਔਖਾ ਕੰਮ ਨਹੀਂ, ਸੁਣਨਾ, ਪੜ੍ਹਨਾ, ਅਧਿਐਨ ਕਰਨਾ ਬੜਾ ਕੁੱਝ ਸਿਖਾ ਦਿੰਦਾ ਹੈ। ਬਹੁਤ ਘੱਟ ਲੋਕ ਹੁੰਦੇ ਹਨ, ਜਿਹਨਾਂ ਦੇ ਖੂਨ ਵਿੱਚ ਕਲਾ ਹੁੰਦੀ ਹੈ। ਨਹੀਂ ਬਹੁਗਿਣਤੀ ਕਲਾ ਦੇ ਨਾਮ ਉਤੇ ਕਲਾ ਦਾ ਨਿਰਾਦਰ ਕਰਦੇ ਹਨ। ਚੁੱਪ ਰਹਿਣਾ ਤਾਂ ਚੰਗਾ ਹੈ ਪਰ ਗੂੰਗੇ ਬਣ ਜਾਣਾ ਖਤਰਨਾਕ ਹੁੰਦਾ ਹੈ। ਅਸੀਂ ਗੂੰਗੇ, ਬੋਲੇ ਤੇ ਅੰਨ੍ਹੇ ਹੋ ਗਏ ਹਾਂ । ਬੋਲਣਾ ਤਾਂ ਮਾੜਾ ਨਹੀਂ ਹੁੰਦਾ ਪਰ ਸਦਾ ਬੋਲਦੇ ਰਹਿਣਾ, ਕੁੱਝ ਵੀ ਨਾ ਸੁਣਨਾ ਤੇ ਮੰਨਣਾ ਆਪਣਾ ਹੀ ਪਤਨ ਹੁੰਦਾ ਹੈ। ਤੁਰਦੇ ਰਹਿਣਾ ਤਾਂ ਚਾਹੀਦਾ ਹੈ ਪਰ ਕੋਹਲੂ ਦੇ ਬੈਲ ਦੀ ਵਾਂਗ ਇੱਕ ਥਾਂ ਉੱਤੇ ਘੁੰਮੀ ਜਾਣਾ ਸਭ ਤੋਂ ਖਤਰਨਾਕ ਹੁੰਦਾ ਹੈ। ਅੱਖਾਂ ਖੋਲ੍ਹ ਕੇ ਤੁਰਨਾ ਤਾਂ ਚਾਹੀਦਾ ਹੈ ਪਰ ਖੁੱਲ੍ਹੀਆਂ ਅੱਖਾਂ ਦੇ ਹੁੰਦਿਆਂ, ਕਿਸੇ ਵਿੱਚ ਟਕਰਾਅ ਜਾਣਾ ਨਹੀਂ ਹੁੰਦਾ। ਚਾਰੇ ਪਾਸੇ ਦੇਖਣਾ ਪੈਂਦਾ ਹੈ। ਰਸੂਲ ਹਮਜ਼ਾਤੋਵ-ਮੇਰੇ ਦਾਗਿਸਤਾਨ ਵਿੱਚ ਲਿਖਦਾ ਹੈ ਕਿ :

ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦਿਓ

ਸਗੋਂ ਇਹ ਕਹੋ, ਮੈਨੂੰ ਅੱਖਾਂ ਦਿਓ।

ਸਾਰਾ ਸੰਸਾਰ ਵਿਸ਼ਿਆਂ ਨਾਲ ਭਰਿਆ ਪਿਆ ਹੈ, ਲੋੜ ਤਾਂ ਅੱਖਾਂ ਦੀ ਹੈ। ਅੱਖਾਂ ਦੇ ਸੋਚ ਸਮਝ ਤੇ ਤਰਕਵਾਨ ਬੁੱਧੀ ਤਾਂ ਕਿ ਦੇਖਿਆ, ਸੁਣਿਆ, ਮੰਨਿਆ ਕਿਵੇਂ ਨਵੇਂ ਸਿਰਜਿਆ ਜਾ ਸਕਦਾ ਹੈ। ਇਹ ਤਾਂ ਇਹੋ ਹੁੰਦਾ ਹੈ ਕਿ ਅਸੀਂ ਲਿਖਦੇ ਤੇ ਬੋਲਦੇ ਤਾਂ ਬਹੁਤ ਹਾਂ ਪਰ ਸੁਣਦੇ, ਪੜ੍ਹਦੇ ਤਾਂ ਬਿਲਕੁਲ ਹੀ ਨਹੀਂ। ਵਿਦਿਆ ਸਾਨੂੰ ਜਗਾਉਦੀ ਹੈ । ਸ਼ਬਦ ਗੁਰੂ ਸਾਡਾ ਮਾਗਰ ਹੈ ਤੇ ਇਸਦੀ ਉਤੇ ਵਿਚਾਰਾਂ ਨੂੰ ਅਪਣਾਉਣ ਦੀ ਲੋੜ ਹੈ,ਪਰ ਦੁੱਖ ਦੀ ਗੱਲ ਇਹ ਹੈ ਕਿ ਉਸ ਉਤੇ ਅਮਲ ਕਰਨਾ ਤਾਂ ਦੂਰ ਦੀ ਗੱਲ ਹੈ, ਅਸੀਂ ਸ਼ਬਦ ਗੁਰੂ ਨਾਲੋਂ ਟੁੱਟ ਗਏ ਹਾਂ। ਅਸੀਂ ਦੂਰ ਦੀਆਂ ਬਾਤਾਂ ਤਾਂ ਬਹੁਤ ਪਾਉਂਦੇ ਹਾਂ ਪਰ ਨੇੜੇ ਹੋਣ ਵਾਸਤੇ ਕਦੇ ਸੋਚਦੇ ਨਹੀਂ। ਅਸੀਂ ਜੋ ਸੋਚਦੇ ਹਾਂ, ਉਸ ਤੇ ਅਮਲ ਨਹੀਂ ਕਰਦੇ ਜੋ ਕਰਦੇ ਹਾਂ, ਉਸ ਵਾਰੇ ਸੋਚਦੇ ਨਹੀਂ। ਸੂਰਜ ਵਾਂਗ ਚਾਨਣ ਵੰਡਣਾ ਬਹੁਤ ਔਖਾ ਹੁੰਦਾ ਹੈ, ਪਰ ਅਸੀਂ ਤਾਂ ਚਾਨਣ ਦੇ ਨਾ ਉਤੇ ਹਨੇਰ ਹੀ ਬੀਜਦੇ ਤੁਰੀ ਜਾ ਰਹੇ ਹਾਂ। ਇਸ ਕਰਕੇ ਸਾਡੇ ਚਾਰੇ ਪਾਸੇ ਸੂਲਾਂ, ਕੰਡੇ ਉੱਗ ਆਏ ਹਨ। ਮਿੱਤਰ ਤਾਂ ਬਨਾਉਣਾ ਸੌਖਾ ਹੁੰਦਾ ਹੈ, ਪਰ ਮਿੱਤਰ ਪਿਆਰੇ ਦੇ ਨਾਲ ਸੱਥਰ ਤੇ ਸੌਣਾ ਔਖਾ ਹੁੰਦਾ ਹੈ। ਕੋਈ ਕੰਮ, ਔਖਾ ਨਹੀਂ ਹੁੰਦਾ, ਲੋੜ ਤਾਂ ਪਹਿਲਾਂ ਕਦਮ ਪੁੱਟਣ ਦੀ ਹੁੰਦੀ ਹੈ। ਅਸੀਂ ਕਦਮ ਪੁੱਟਣ ਤੋਂ ਪਹਿਲਾਂ ਹੀ ਮੰਜ਼ਿਲ ਤੱਕ ਪੁੱਜਣ ਦੀ ਸੋਚ ਰੱਖਦੇ ਹਾਂ। ਇਸੇ ਕਰਕੇ ਅਸੀਂ ਸੂਰਜ ਵਾਂਗ ਖੜੇ ਰਹਿੰਦੇ ਹਾਂ। ਜਿਹੜੇ ਧਰਤੀ ਬਣ ਕੇ ਘੁੰਮਦੇ ਹਨ, ਉਹੀ ਮੰਜ਼ਿਲ ਚੁੰਮਦੇ ਹਨ। ਆਓ ਆਪਾਂ ਵੀ ਧਰਤੀ ਵਾਂਗ ਘੁੰਮੀਏ ਤਾਂ ਸੂਰਜ ਵਾਂਗ ਰੋਸ਼ਨੀ ਵੰਡੀਏ। ਐਵੇਂ ਵੇ ਹੀ ਨਾ ਕਿਸੇ ਨੂੰ ਭੰਡੀਏ! ਆਓ! ਪਿਆਰ ਲਈਏ ਤੇ ਪਿਆਰ ਵੰਡੀ ਏ! ਬੰਦ ਪਏ ਚਰਖਿਆਂ ਨੂੰ ਘੁੰਮਾਈ ਏ। ਜ਼ਿੰਦਗੀ ਨੂੰ ਮੁੱਲਵਾਨ ਬਣਾਈਏ।



ਬੁੱਧ ਸਿੰਘ ਨੀਲੋਂ,
9464370823

# "ਇਮਾਨਦਾਰੀ, ਕਾਬਲੀਅਤ ਅਤੇ ਸਾਦਗੀ ਦੀ ਮਿਸਾਲ ਸਨ ਲਾਲ ਬਹਾਦਰ ਸ਼ਾਸਤਰੀ"

**11 ਜਨਵਰੀ ਲਾਲ ਬਹਾਦਰ ਸ਼ਾਸਤਰੀ ਜੀ ਦੀ ਬਰਸੀ ਤੇ ਵਿਸ਼ੇਸ਼।**



ਲਾਲ ਬਹਾਦੁਰ ਸ਼ਾਸ਼ਤਰੀ ਜੀ ਬੇਸ਼ੱਕ ਮਹਿਜ਼ 18 ਮਹੀਨੇ ਦੇਸ਼ ਦੇ ਦੂਜੇ ਪ੍ਰਧਾਨ ਮੰਤਰੀ ਰਹੇ ਪਰ ਉਹ ਆਪਣੀ ਵਿਲੱਖਣ ਸ਼ਖ਼ਸੀਅਤ ਕਰਕੇ ਲੋਕਾਂ ਵਿੱਚ ਹਰਮਨ ਪਿਆਰੇ ਨੇਤਾ ਵਜੋਂ ਜਾਣੇ ਜਾਂਦੇ ਸਨ ਅਜ਼ਾਦੀ ਤੋਂ ਬਾਅਦ ਉਹ ਕਿਹਾ ਕਰਦੇ ਸਨ ਕਿ ਸਾਡੇ ਇਸ ਵਿਸ਼ਾਲ ਦੇਸ਼ ਵਿੱਚ, ਲੋਕ ਵੱਖੋ-ਵੱਖਰੇ ਧਰਮਾਂ ਦਾ ਦਾਅਵਾ ਕਰਦੇ ਹਨ, ਵੱਖੋ-ਵੱਖਰੀਆਂ ਭਾਸ਼ਾਵਾਂ ਬੋਲਦੇ ਹਨ, ਵੱਖੋ-ਵੱਖਰੇ ਪਹਿਰਾਵੇ ਅਤੇ ਵੱਖੋ-ਵੱਖਰੇ ਰੀਤ ਰਿਵਾਜਾਂ ਦੀ ਪਾਲਣਾ ਕਰਦੇ ਹਨ ਪਰ ਅਸੀਂ ਇੱਕ ਮਨੁੱਖੀ ਕੌਮ ਹਾਂ ਆਜ਼ਾਦੀ ਲਈ ਸਾਡੇ ਸੰਘਰਸ਼ ਦਾ ਇਤਿਹਾਸ ਅਤੇ ਭਵਿੱਖ ਦੇ ਵਿਕਾਸ ਵਿੱਚ ਵਿਸ਼ਵਾਸ ਸਭ ਦਾ ਸਾਂਝਾ ਬੰਧਨ ਹੈ। ਉਹ ਕਦੇ ਵੀ ਦੇਸ਼ ਦੀ ਜਾਤੀ ਵਿਵਸਥਾ ਦੇ ਹੱਕ ਵਿੱਚ ਨਹੀਂ ਸਨ ਇਸ ਲਈ ਉਸਨੇ ਆਪਣਾ ਉਪਨਾਮ "ਸ਼੍ਰੀਵਾਸਤਵ" ਛੱਡ ਦਿੱਤਾ। ਅਜ਼ਾਦੀ ਤੋਂ ਬਾਅਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਅਚਾਨਕ ਦੇਹਾਂਤ ਤੋਂ ਬਾਅਦ, ਮਜ਼ਬੂਤ ਸੰਕਲਪਾਂ ਵਾਲੇ ਅਤੇ ਨਰਮ ਬੋਲਣ ਵਾਲੇ ਇਸ ਵਿਅਕਤੀ ਨੇ ਔਖੇ ਸਮੇਂ ਵਿੱਚ ਭਾਰਤ ਨੂੰ ਚਲਾਉਣ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਲੈ ਲਈ ਸੀ। ਇਹ ਆਦਮੀ ਭਾਰਤ ਦਾ ਦੂਜਾ ਸਫਲ ਪ੍ਰਧਾਨ ਮੰਤਰੀ ਰਿਹਾ ਹੈ ਜੋ ਗੰਭੀਰ ਤੋਂ ਗੰਭੀਰ ਸਥਿਤੀ ਨਾਲ ਨਜਿੱਠਣ ਲਈ ਹਮੇਸ਼ਾ ਕਾਮਯਾਬ ਰਿਹਾ, ਜਿਵੇਂ ਉਨ੍ਹਾਂ ਨੇ ਦੇਸ਼ ਵਿੱਚ ਹਰੇ ਅਤੇ ਚਿੱਟੇ ਇਨਕਲਾਬ ਨੂੰ ਲਿਆਉਣ ਲਈ ਕੀਤਾ ਸੀ। ਲਾਲ ਬਹਾਦਰ ਸ਼ਾਸਤਰੀ ਦਾ ਜਨਮ 2 ਅਕਤੂਬਰ 1904 ਨੂੰ ਮੁਗਲਸਰਾਏ, ਆਗਰਾ ਅਤੇ ਅਵਧ, ਬ੍ਰਿਟਿਸ਼ ਭਾਰਤ ਦੇ ਸੰਯੁਕਤ ਪ੍ਰਾਂਤ ਵਿੱਚ ਹੋਇਆ ਸੀ। ਉਸ ਦੇ ਪਿਤਾ ਸ਼ਾਰਦਾ ਪ੍ਰਸਾਦ ਸ਼੍ਰੀਵਾਸਤਵ, ਇਲਾਹਾਬਾਦ ਦੇ ਮਾਲ ਦਫ਼ਤਰ ਵਿੱਚ ਇੱਕ ਕਲਰਕ ਸਨ, ਪਰ ਲਾਲ ਬਹਾਦਰ ਸ਼ਾਸਤਰੀ ਜੀ ਅਜੇ ਬੱਚੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਜੀ ਦਾ ਦਿਹਾਂਤ ਹੋ ਗਿਆ ਨਤੀਜੇ ਵਜੋਂ, ਉਸਦੀ ਮਾਂ,ਰਾਮਦੁਲਾਰੀ ਦੇਵੀ, ਉਸਨੂੰ ਅਤੇ ਉਸਦੀ ਭੈਣਾਂ ਨੂੰ ਉਸਦੇ ਨਾਨੇ ਮੁਨਸ਼ੀ ਹਜ਼ਾਰੀ ਲਾਲ ਦੇ ਘਰ ਲੈ ਗਈ, ਜਿੱਥੇ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਉਸਦਾ ਪਾਲਣ ਪੋਸ਼ਣ ਹੋਇਆ। ਉਸਦੀ ਮਾਂ ਨੇ ਕਰਜ਼ਾ ਲੈ ਕੇ ਉਸਦੀ ਸਕੂਲੀ ਪੜ੍ਹਾਈ ਦਾ ਧਿਆਨ ਰੱਖਿਆ। ਹਾਈ ਸਕੂਲ ਦੀ ਪੜ੍ਹਾਈ ਕਰਨ ਲਈ, ਉਸਨੂੰ ਵਾਰਾਣਸੀ ਵਿੱਚ ਉਸਦੇ ਚਾਚੇ ਦੇ ਘਰ ਭੇਜਿਆ ਗਿਆ। ਉਸ ਨੇ ਆਪਣੇ ਸ਼ੁਰੂਆਤੀ ਗਰੀਬੀ ਵਾਲੇ ਬਚਪਨ ਦੇ ਦਿਨਾਂ ਦੌਰਾਨ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਉਹ ਕੜਕਦੀ ਗਰਮੀ ਵਿੱਚ ਵੀ ਬਿਨਾਂ ਜੁੱਤੀਆਂ ਦੇ ਘਰ ਤੋਂ ਮੀਲ ਦੂਰ ਸਕੂਲ ਜਾਂਦਾ ਸੀ। ਦਲੇਰੀ, ਧੀਰਜ, ਸੰਜਮ, ਸ਼ਿਸ਼ਟਾਚਾਰ ਅਤੇ ਨਿਰ ਸਵਾਰਥਾਂ ਵਰਗੇ ਗੁਣ ਉਸ ਨੂੰ ਬਚਪਨ ਵਿੱਚ ਹੀ ਹਾਸਲ ਹੋ ਗਏ ਸਨ। ਮਹਾਤਮਾ ਗਾਂਧੀ ਦੇ ਅਸਹਿਯੋਗ ਅੰਦੋਲਨ ਵਿੱਚ ਸ਼ਾਮਲ ਹੋਣ ਦੇ ਸੱਦੇ ਕਾਰਨ ਉਹ ਆਪਣੇ ਸਕੂਲ ਤੋਂ ਹਟ ਗਏ । ਪਹਿਲੀ ਵਾਰ 17 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਜੇਲ੍ਹ ਜਾਣਾ ਪਿਆ ਉਸਨੇ ਪੂਰੇ ਦਿਲ ਨਾਲ ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਹਿੱਸਾ ਲਿਆ ਜਿਸ ਵਿੱਚ ਉਹ ਕਈ ਮੌਕਿਆਂ 'ਤੇ ਹੋਰ ਆਜ਼ਾਦੀ ਘੁਲਾਟੀਆਂ ਦੇ ਨਾਲ ਗ੍ਰਿਫਤਾਰ ਵੀ ਹੋਏ। 1926 ਵਿੱਚ, ਕਾਸ਼ੀ ਵਿਦਿਆਪੀਠ, ਵਾਰਾਣਸੀ ਤੋਂ ਆਪਣੀ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਉਸਨੂੰ "ਸ਼ਾਸਤਰੀ" (ਵਿਦਵਾਨ) ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਉੱਥੇ ਉਹ ਬਹੁਤ ਸਾਰੇ ਬੁੱਧੀਜੀਵੀਆਂ ਅਤੇ ਰਾਸ਼ਟਰਵਾਦੀਆਂ ਤੋਂ ਪ੍ਰਭਾਵਿਤ ਹੋਏ।1928 ਵਿੱਚ, ਉਨ੍ਹਾਂ ਨੇ ਮਿਰਜ਼ਾਪੁਰ ਦੀ ਲਲਿਤਾ ਦੇਵੀ ਨਾਲ ਵਿਆਹ ਕਰਵਾ ਲਿਆ। ਉਹ ਦਾਜ ਪ੍ਰਥਾ ਦੇ ਖਿਲਾਫ ਸੀ ਪਰ ਲਲਿਤਾ ਦੇਵੀ ਦੇ ਪਿਤਾ ਦੇ ਲਗਾਤਾਰ ਜ਼ੋਰ ਦੇਣ 'ਤੇ ਉਸ ਨੇ ਸਿਰਫ ਪੰਜ ਗਜ਼ ਦੀ ਖਾਦੀ ਸਵੀਕਾਰ ਕੀਤੀ। ਉਨ੍ਹਾਂ ਦੇ 6 ਬੱਚੇ ਸਨ। ਆਜ਼ਾਦੀ ਤੋਂ ਪਹਿਲਾਂ ਸ਼ਾਸਤਰੀ ਜੀ ਸਰਵੈਂਟਸ ਆਫ ਪੀਪਲ ਸੋਸਾਇਟੀ ਦੇ ਪ੍ਰਧਾਨ ਬਣੇ ਜਿਸ ਦੀ ਸਥਾਪਨਾ ਲਾਲਾ ਲਾਜਪਤ ਰਾਏ ਦੁਆਰਾ ਕੀਤੀ ਗਈ ਸੀ ਜਿਸਨੇ ਦਲਿਤਾਂ ਦੇ ਉਥਾਨ ਲਈ ਕੰਮ ਕੀਤਾ ਸੀ। 1928 ਵਿੱਚ, ਉਹ ਇੱਕ ਸਰਗਰਮ ਮੈਂਬਰ ਵਜੋਂ ਭਾਰਤੀ ਰਾਸ਼ਟਰੀ ਕਾਂਗਰਸ ਵਿੱਚ ਸ਼ਾਮਲ ਹੋ ਗਿਆ। 1930 ਵਿੱਚ ਉਨ੍ਹਾਂ ਨੂੰ ਇਲਾਹਾਬਾਦ ਕਾਂਗਰਸ ਕਮੇਟੀ ਦੇ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ। ਉਨ੍ਹਾਂ ਨੇ ਲੋਕਾਂ ਨੂੰ ਜ਼ਮੀਨੀ ਮੁਨਾਫੇ ਤੇ ਸਰਕਾਰ ਨੂੰ ਟੈਕਸ ਅਦਾ ਕਰਨ ਦਾ ਵਿਰੋਧ ਕਰਨ ਵਾਲੇ ਸਿਵਲ ਨਾਫ਼ਰਮਾਨੀ ਅੰਦੋਲਨ ਵਿੱਚ ਵੀ ਹਿੱਸਾ ਲਿਆ। ਸ਼ਾਸ਼ਤਰੀ ਜੀ ਨੇ ਗਾਂਧੀ ਦੇ ਲੂਣ ਸੱਤਿਆਗ੍ਰਹਿ ਦੇ ਸਮੇਂ ਵੀ ਘਰ-ਘਰ ਇਸ ਮੁਹਿੰਮ ਦਾ ਪ੍ਰਚਾਰ ਕੀਤਾ । ਇਸ ਤੋਂ ਇਲਾਵਾ,1937 ਵਿਚ, ਉਹ ਯੂਪੀ ਵਿਧਾਨ ਸਭਾ ਲਈ ਚੁਣੇ ਗਏ। ਉਸਨੇ 1937 ਵਿੱਚ ਯੂ.ਪੀ. ਦੇ ਜਥੇਬੰਦਕ ਸਕੱਤਰ ਵਜੋਂ ਵੀ ਕੰਮ ਕੀਤਾ। ਜਦੋਂ ਸ਼ਾਸਤਰੀ 1942 ਵਿੱਚ ਜੇਲ੍ਹ ਵਿੱਚ ਸਨ, ਉਸਨੇ ਆਪਣੇ ਸਮੇਂ ਦੀ ਵਰਤੋਂ ਸਮਾਜ ਸੁਧਾਰਕਾਂ ਅਤੇ ਪੱਛਮੀ ਦਾਰਸ਼ਨਿਕਾਂ ਨੂੰ ਪੜ੍ਹਨ ਵਿੱਚ ਕੀਤੀ। ਉਸ ਨੇ ਭਾਰਤ ਛੱਡੋ ਅੰਦੋਲਨ ਦੌਰਾਨ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਇੱਕ ਹਫ਼ਤੇ ਲਈ ਆਜ਼ਾਦੀ ਦੇ ਕਾਰਕੁਨਾਂ ਨੂੰ ਹਦਾਇਤਾਂ ਵੀ ਭੇਜੀਆਂ। ਸ਼ਾਸਤਰੀ ਜੀ ਨੇ ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੇ ਵਿਕਾਸ ਅਤੇ ਭਾਰਤ ਨੂੰ ਇਕਜੁੱਟ ਰੱਖਣ ਲਈ ਬਹੁਤ ਕੰਮ ਕੀਤਾ। 1946 ਵਿੱਚ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਉਨ੍ਹਾਂ ਨੂੰ ਉਸਾਰੂ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਗਿਆ। 1951 ਵਿਚ ਉਨ੍ਹਾਂ ਨੂੰ 'ਆਲ-ਇੰਡੀਆ-ਨੈਸ਼ਨਲ-ਕਾਂਗਰਸ' ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਉਸਨੇ 1952, 1957 ਅਤੇ 1962 ਦੀਆਂ ਆਮ ਚੋਣਾਂ ਦੌਰਾਨ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ। ਉੱਤਰ ਪ੍ਰਦੇਸ਼ ਦੇ ਸੰਸਦੀ ਸਕੱਤਰ ਦੇ ਅਹੁਦੇ ਤੋਂ ਉਹ ਗ੍ਰਹਿ ਮੰਤਰੀ ਦੇ ਅਹੁਦੇ ਤੱਕ ਪਹੁੰਚੇ। ਜਦੋਂ ਨਹਿਰੂ ਬੀਮਾਰ ਸਨ ਤਾਂ ਉਨ੍ਹਾਂ ਨੂੰ ਬਿਨਾਂ ਪੋਰਟ ਫੋਲੀਓ ਦੇ ਮੰਤਰੀ ਬਣਾ ਦਿੱਤਾ ਗਿਆ ਸੀ। ਸ਼ਾਸਤਰੀ ਜੀ ਨੂੰ 23 ਮਈ 1952 ਨੂੰ ਕੇਂਦਰ ਸਰਕਾਰ ਵਿੱਚ ਰੇਲ ਮੰਤਰੀ ਘੋਸ਼ਿਤ ਕੀਤਾ ਗਿਆ ਸੀ। ਉਨ੍ਹਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਇੱਕ ਤੀਜੀ-ਸ਼੍ਰੇਣੀ ਦੀ ਰੇਲ ਸ਼ੁਰੂ ਕੀਤੀ। ਹਾਲਾਂਕਿ, ਉਨ੍ਹਾਂ ਦੇ ਰੇਲ ਮੰਤਰੀ ਦੇ ਕਾਰ-ਜਕਾਲ ਸਮੇਂ ਦੇਸ਼ ਵਿੱਚ ਇੱਕ ਵੱਡਾ ਰੇਲ ਹਾਦਸਾ ਵਾਪਰਿਆ ਜਿਸ ਵਿੱਚ ਜਾਨੀ ਨੁਕਸਾਨ ਹੋਇਆ ਅਤੇ ਨਤੀਜੇ ਵਜੋਂ, ਉਨ੍ਹਾਂ ਨੇ ਨੈਤਿਕ ਅਧਾਰ 'ਤੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੇ ਉਸ ਵੇਲੇ ਦੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਗੋਵਿੰਦ ਵੱਲਭ ਪੰਤ ਦੇ ਅਧੀਨ ਪੁਲਿਸ ਮੰਤਰੀ ਵਜੋਂ ਵੀ ਸਖ਼ਤ ਮਿਹਨਤ ਕੀਤੀ। ਉਸਨੇ ਰਾਜ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖੀ ਅਤੇ ਆਪਣੇ ਪੁਲਿਸ ਵਿਭਾਗ ਨੂੰ ਕਿਹਾ ਕਿ ਉਹ ਭੀੜ ਨੂੰ ਖਿੰਡਾਉਣ ਲਈ ਪਾਣੀ ਦੀ ਵਰਤੋਂ ਕਰਨ ਨਾ ਕਿ ਭੀੜ ਉੱਤੇ ਲਾਠੀਆਂ ਚਲਾਉਣ।1947 ਵਿਚ ਉਹ ਦੰਗਿਆਂ ਨੂੰ ਕਾਬੂ ਕਰਨ ਵਿਚ ਵੀ ਕਾਮਯਾਬ ਰਹੇ ਸਨ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਰਾਜ ਪੁਲਿਸ ਦੇ ਮੰਤਰੀ ਵਜੋਂ ਉਨ੍ਹਾਂ ਦਾ ਕਾਰਜਕਾਲ ਸਫਲ ਰਿਹਾ। ਜਦੋਂ 1965 ਵਿਚ ਪਾਕਿਸਤਾਨ ਨੇ ਭਾਰਤ 'ਤੇ ਹਮਲਾ ਕੀਤਾ, ਉਸ ਨੇ ਪ੍ਰਤੀਕੂਲ ਸਥਿਤੀ ਵਿਚ ਵੀ ਇਸ ਕਾਰਵਾਈ ਨੂੰ ਚੰਗੀ ਤਰ੍ਹਾਂ ਸੰਭਾਲਿਆ। ਉਸੇ ਸਾਲ ਭਾਰਤ ਨੂੰ ਅਨਾਜ ਸੰਕਟ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਸ਼ਾਸਤਰੀ ਜੀ ਨੇ ਭਾਰਤੀਆਂ ਨੂੰ ਲਾਮਬੰਦ ਕਰਨ ਲਈ "ਜੈ ਜਵਾਨ ਅਤੇ ਜੈ ਕਿਸਾਨ" ਦਾ ਨਾਅਰਾ ਦਿੱਤਾ। ਆਪਣੀ ਇਮਾਨਦਾਰੀ ਅਤੇ ਸਖ਼ਤ ਮਿਹਨਤ ਲਈ ਜਾਣੇ ਜਾਂਦੇ, ਉਹ 18 ਮਹੀਨਿਆਂ ਲਈ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ। ਹਰੀ ਅਤੇ ਚਿੱਟੀ ਕ੍ਰਾਂਤੀ ਵਰਗੀ ਪ੍ਰਾਪਤੀਆਂ ਕਰਕੇ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਕਿਉਂਕਿ ਉਨ੍ਹਾਂ ਨੇ ਜਨਤਾ ਨੂੰ ਸਵੈ-ਨਿਰਭਰ ਹੋਣ ਲਈ ਉਤਸ਼ਾਹਿਤ ਕੀਤਾ। ਹਰੀ ਕ੍ਰਾਂਤੀ ਦਾ ਮੁੱਖ ਮਨੋਰਥ ਅਨਾਜ ਦੇ ਉਤਪਾਦਨ ਨੂੰ ਵਧਾਉਣਾ ਸੀ, ਖਾਸ ਕਰਕੇ ਕਣਕ ਅਤੇ ਚੌਲਾਂ ਦੀ ਕਾਸ਼ਤ। ਹਰੀ ਕ੍ਰਾਂਤੀ ਪਹਿਲੀ ਵਾਰ ਪੰਜਾਬ ਵਿੱਚ 1966-67 ਵਿੱਚ ਪੇਸ਼ ਕੀਤੀ ਗਈ ਸੀ ਅਤੇ ਇਸ ਤਰ੍ਹਾਂ ਦੇਸ਼ ਦੇ ਹੋਰ ਹਿੱਸਿਆਂ ਵਿੱਚ ਫੈਲ ਗਈ ਸੀ।ਸ਼ਾਸਤਰੀ ਜੀ ਨੇ ਚਿੱਟੀ ਕ੍ਰਾਂਤੀ ਨੂੰ ਅੱਗੇ ਵਧਾਇਆ ਕਿਉਂਕਿ ਉਹ ਚਾਹੁੰਦੇ ਸਨ ਕਿ ਦੇਸ਼ ਵਿੱਚ ਦੁੱਧ ਦੇ ਉਤਪਾਦਨ ਅਤੇ ਸਪਲਾਈ ਵਿੱਚ ਵਾਧਾ ਹੋਵੇ। ਨਤੀਜੇ ਵਜੋਂ, ਉਸਨੇ ਨੈਸ਼ਨਲ ਡੇਅਰੀ ਵਿਕਾਸ ਬੋਰਡ ਬਣਾਇਆ। ਉਸਨੇ ਆਨੰਦ, ਗੁਜਰਾਤ ਦੇ ਅਮੂਲ ਮਿਲਕ ਕੋ- ਅਪਰੇਟਿਵ ਦਾ ਵੀ ਸਮਰਥਨ ਕੀਤਾ। 19 ਨਵੰਬਰ, 1964 ਨੂੰ, ਉਸਨੇ ਲਖਨਊ ਦੇ ਇੱਕ ਵੱਕਾਰੀ ਸਕੂਲ, ਬਾਲ ਵਿਦਿਆ ਮੰਦਰ ਦਾ ਨੀਂਹ ਪੱਥਰ ਰੱਖਿਆ। ਉਸੇ ਮਹਿਨੇ, ਥਰਮਾਨੀ, ਚੇਨਈ ਵਿੱਚ ਸੈਂਟਰਲ ਇੰਸਟੀਚਿਊਟ ਆਫ ਟੈਕਨਾਲੋਜੀ ਕੈਂਪਸ ਅਤੇ ਚੇਨਈ ਪੋਰਟ ਟਰੱਸਟ ਦਾ ਜਵਾਹਰ ਡੌਕ ਉਨ੍ਹਾਂ ਦੁਆਰਾ ਖੋਲ੍ਹਿਆ ਗਿਆ ਸੀ। ਸੈਨਿਕ ਸਕੂਲ, ਬਲਾਚੜੀ ਗੁਜਰਾਤ ਰਾਜ ਵਿੱਚ ਖੋਲ੍ਹਿਆ ਗਿਆ ਸੀ। ਡਾ: ਹੋਮੀ ਜਹਾਂਗੀਰ ਭਾਭਾ ਨੇ ਪਰਮਾਣੂ ਵਿਸਫੋਟਕਾਂ ਦੇ ਵਿਕਾਸ ਦਾ ਸੁਝਾਅ ਦਿੱਤਾ ਸੀ ਜਿਸ ਨੂੰ ਸ਼ਾਸਤਰੀ ਜੀ ਨੇ ਮਨਜ਼ੂਰੀ ਦਿੱਤੀ ਸੀ। ਅਲਮਟੀ ਡੈਮ ਦਾ ਨੀਂਹ ਪੱਥਰ ਵੀ ਉਨ੍ਹਾਂ ਨੇ ਰੱਖਿਆ ਸੀ। ਮਰਨ ਉਪਰੰਤ ਉਨ੍ਹਾਂ ਨੂੰ ਭਾਰਤ ਰਤਨ ਵੀ ਦਿੱਤਾ ਗਿਆ। ਲਾਲ ਬਹਾਦਰ ਸ਼ਾਸਤਰੀ ਮੈਮੋਰੀਅਲ ਜਿੱਥੇ ਉਹ ਪ੍ਰਧਾਨ ਮੰਤਰੀ ਰਹੇ ਸਨ (10 ਜਨਪਥ ਦੇ ਕੋਲ ਸਥਿਤ) ਲਾਲ ਬਹਾਦਰ ਸ਼ਾਸਤਰੀ ਨੈਸ਼ਨਲ ਮੈਮੋਰੀਅਲ ਟਰੱਸਟ ਦੁਆਰਾ ਚਲਾਇਆ ਜਾਂਦਾ ਹੈ।ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨੇ 10 ਜਨਵਰੀ 1966 ਨੂੰ ਤਾਸ਼ਕੰਦ ਸਮਝੌਤਾ (ਇੱਕ ਸ਼ਾਂਤੀ ਸੰਧੀ) 'ਤੇ ਦਸਤਖਤ ਕੀਤੇ। ਇਸ ਨਾਲ ਭਾਰਤ ਅਤੇ ਪਾਕਿਸਤਾਨ ਵਿਚਕਾਰ 17 ਦਿਨਾਂ ਦੀ ਲੜਾਈ ਖਤਮ ਹੋਈ। ਸ਼ਾਂਤੀ ਸਮਝੌਤੇ 'ਤੇ ਬਹੁਤ ਤਣਾਅ ਦੇ ਤਹਿਤ ਦਸਤਖਤ ਕੀਤੇ ਗਏ ਸਨ। ਹਾਲਾਂਕਿ ਅਗਲੇ ਹੀ ਦਿਨ 11 ਜਨਵਰੀ 1966 ਨੂੰ ਲਾਲ ਬਹਾਦਰ ਸ਼ਾਸਤਰੀ ਜੀ ਦੀ ਮੌਤ ਹੋ ਗਈ। ਡਾਕਟਰਾਂ ਨੇ ਉਸ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਦੱਸਿਆ ਪਰ ਉਸ ਦੀ ਪਤਨੀ ਦੀ ਰਾਏ ਵੱਖਰੀ ਸੀ। ਉਨ੍ਹਾਂ ਮੁਤਾਬਕ ਸ਼ਾਸਤਰੀ ਜੀ ਨੂੰ ਜ਼ਹਿਰ ਦਿੱਤਾ ਗਿਆ ਸੀ। ਜਿਸ ਰੂਸੀ ਬਟਲਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਤੇ ਸ਼ਾਸਤਰੀ ਜੀ ਦੀ ਹੱਤਿਆ ਦਾ ਸ਼ੱਕ ਸੀ, ਡਾਕਟਰਾਂ ਨੇ ਉਸਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਪੈਣ ਨੂੰ ਪ੍ਰਮਾਣਿਤ ਕਰਨ ਤੋਂ ਬਾਅਦ ਜਲਦੀ ਹੀ ਰਿਹਾਅ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਮੌਤ ਇਤਿਹਾਸ ਦੇ ਰਹੱਸਾਂ ਵਿੱਚੋਂ ਇੱਕ ਰਹੀ ਹੈ। ਲਾਲ ਸ਼ਾਸਤਰੀ ਜੀ ਨੇ ਸਿੱਧ ਕਰ ਦਿੱਤਾ ਸੀ ਕਿ ਮਹਾਨ ਸ਼ਖ਼ਸੀਅਤ ਬਣਨ ਲਈ ਸਿਰਫ ਸਰੀਰਕ ਪੱਖੋਂ ਮਜ਼ਬੂਤੀ ਹੀ ਨਹੀਂ ਬਲਕਿ ਅੰਦਰੂਨੀ ਤਾਕਤ, ਅਤੇ ਚੰਗੇ ਕਿਰਦਾਰ ਦੀ ਮਜ਼ਬੂਤੀ ਜ਼ਰੂਰੀ ਹੈ। ਅੱਜ ਉਨ੍ਹਾਂ ਨੂੰ ਜਨਮ ਦਿਨ ਤੇ ਲੋਕਾਂ ਵਲੋਂ ਯਾਦ ਕੀਤਾ ਜਾ ਰਿਹਾ ਹੈ। ਕਿਸੇ ਕਵੀ ਵਲੋਂ ਵੀ ਉਨ੍ਹਾਂ ਦੀ ਤਰੀਫ ਕੀਤੀ ਗਈ ਹੈ।

ਯੇਹ ਧਰਤੀ ਲਾਲੋਂ ਕੀ ਜਣਨੀ, ਲਾਲੋ ਕੇ ਲਾਲ ਸਮਾਧਰ ਥੇ।
ਛੋਟੇ ਕੱਦ ਮੇਂ ਜੋ ਬੜ੍ਹੇ ਹੂਏ, ਬਸ ਐਸੇ ਲਾਲ ਬਹਾਦਰ ਥੇ।



**ਕੁਲਦੀਪ ਸਿੰਘ ਸਾਹਿਲ**
**9417990040**

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਨਾਲ ਸ਼ਿੰਗਾਰੇ 35 ਦੇ ਕਰੀਬ ਗੀਤ ਹੋਣਗੇ ਆਗਮਨ ਪੁਰਬ ਤੇ ਰਿਲੀਜ਼ - ਮਾਹਣੀ ਫਗਵਾੜੇ ਵਾਲਾ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਸਾਹਿਬੇ ਕਮਾਲ ਧੰਨ ਧੰਨ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਮਹਿਮਾ ਵਿੱਚ ਰੰਗੇ ਹੋਏ ਅਨੇਕਾਂ ਗੀਤ ਲੈਕੇ ਮਾਹਣੀ ਫਗਵਾੜੇ ਵਾਲਾ ਤੇ ਹਰਪ੍ਰੀਤ ਸੁੰਮਨ ਏ ਆਰ ਮਿਉਜ਼ਿਕ ਕੰਪਨੀ ਤੋਂ ਹਾਜ਼ਰ ਹੋ ਰਹੇ ਹਨ । ਇਸ ਸਬੰਧੀ ਵਿਸ਼ੇਸ਼ ਗੱਲਬਾਤ ਕਰਦਿਆਂ ਗੀਤਕਾਰ ਮਾਹਣੀ ਫਗਵਾੜੇ ਵਾਲਾ ਨੇ ਦੱਸਿਆ ਕਿ ਉਹਨਾਂ ਦੇ ਹਰ ਸਾਲ 35 ਤੋਂ 40 ਦੇ ਕਰੀਬ ਗੀਤ ਵੱਖ-ਵੱਖ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋ ਕੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਕਰਦੇ ਹਨ । ਜਿਸ ਕੜੀ ਤਹਿਤ ਇਸ ਵਾਰ ਵਰਲਡ ਫੇਮਸ ਕਲਾਕਾਰਾਂ ਨੇ ਉਸ ਦੇ ਲਿਖੇ ਵੱਖ ਵੱਖ ਗੀਤਾਂ ਨੂੰ ਗਾਇਆ ਹੈ। ਜਿਨ੍ਹਾਂ ਵਿੱਚ ਪ੍ਰਮੁੱਖ ਗਾਇਕ ਬਾਬਾ ਗੁਲਾਬ ਸਿੰਘ ਜੀ, ਮਾਸ਼ਾ ਅਲੀ, ਬਲਰਾਜ



ਬਿਲਗਾ , ਲਹਿੰਬਰ ਹੁਸੈਨਪੁਰੀ, ਰਣਜੀਤ ਰਾਣਾ, ਸੰਦੀਪ ਲੋਈ, ਸਾਂਝ ਸ਼ੰਮੀ, ਬਕਸ਼ੀ ਬਿੱਲਾ, ਜੈਸਮੀਨ, ਸਾਈਂ ਨੂਰ ਜੀ, ਜੌਨੀ ਮਹੇ, ਲਵਦੀਪ, ਜਸ਼ਨ ਕਲਸੀ, ਨਾਜ਼, ਭਾਈ ਪਵਨ ਸਿੰਘ ਜਲੰਧਰ ਵਾਲੇ, ਆਰ ਜੋਗੀ, ਹਰਫ਼ ਜੋਤ, ਲਾਲੀ ਖਹਿਰਾ, ਪੰਮਾ ਸੁੰਨੜ ਹੋਰ ਵੀ ਅਨੇਕਾਂ ਗਾਇਕਾਂ ਦੀ ਆਵਾਜ਼ 'ਚ ਤਕਰੀਬਨ 35 ਦੇ ਕਰੀਬ ਗੀਤ ਬਹੁਤ ਜਲਦੀ ਰਿਲੀਜ਼ ਕੀਤੇ ਜਾਣਗੇ । ਗੀਤਾਂ ਦੇ ਮਿਊਜ਼ਿਕ ਨੂੰ ਚਾਰ ਚੰਦ ਲਗਾਏ ਹਨ ਅਮਰ ਦਾ ਮਿਊਜ਼ਿਕ ਮਿਰਰ, ਅਮਰਿੰਦਰ ਕਾਹਲੋਂ, ਜੱਸੀ ਬ੍ਰਦਰਜ਼, ਵੀਡੀਓ ਡਾਇਰੈਕਟਰ ਗੁਰਮੀਤ ਦੁੱਗਲ ਨੇ ਵੱਖ ਵੱਖ ਲੋਕਸ਼ਨਾਂ ਤੇ ਬਹੁਤ ਪਿਆਰਿਆਂ ਵੀਡੀਓ ਕੀਤੀਆਂ ਹਨ। ਪਹਿਲਾਂ ਵਾਂਗ ਇਸ ਵਾਰ ਵੀ ਜਿਆਦਾਰਤ ਯੂ ਐਸ ਬੀਟਸ, ਰਿੱਕੀ ਪਾਲ ਤੇ ਏ ਆਰ ਮਿਊਜ਼ਿਕ ਹਰਪ੍ਰੀਤ ਸੁੰਮਨ ਵਲੋਂ ਹੀ ਪ੍ਰੋਜੈਕਟ ਰਿਲੀਜ਼ ਕੀਤੇ ਜਾ ਰਹੇ ਹਨ, ਉਮੀਦ ਹੈ ਪਹਿਲਾਂ ਵਾਂਗ ਪਿਆਰ ਦਿਓਗੇ।

# ਰੱਬ ਤੇ ਭਰੋਸਾ

ਵੀਹ ਪੱਚੀ ਕਿਲੇ ਜਮੀਨ ਦੇ ਮਾਲਕ ਪੰਜ ਭਾਈਆ ਸਭ ਤੋਂ ਛੋਟਾ ਉਜਾਗਰ ਸਿੰਘ ਉਸ ਦੀ ਉਮਰ ਵੀ ਸੁਖ ਨਾਲ ਚਾਲੀ ਵਰਿਆ ਦੀ ਹੋ ਗਈ ਸੀ....

ਰੱਬ ਨੇ ਉਸਨੂੰ ਸੂਰਤ ਤੇ ਕੱਦ ਕਾਠ ਸੋਹਣਾ ਬਖਸ਼ਿਆ ਸੀ...ਪਿੰਡ ਵਿੱਚ ਹਰ ਇੱਕ ਨਾਲ ਕੰਮ ਕਾਰ ਵਿੱਚ ਹੱਥ ਵਟਾਉਣ ਵਾਲਾ ਬੰਦਾ... ਤੇ ਸਭ ਨੂੰ ਬੜੀ ਹਲੀਮੀ ਨਾਲ ਬੋਲਦਾ.. ਜੇ ਕੋਈ ਚਾਚਾ,ਤਾਇਆ ਕਹਿੰਦਾ ਕੀ ਉਜਾਗਰ ਸਿਹਾਂ" ਮੈਂ ਅੱਜ ਕਿਤੇ ਜਾਣਾ ਏ ਤੂੰ ਮੇਰੇ ਘਰੇ ਡੰਗਰ ਵੱਛਾ" ਸਾਂਭ ਲਈ....

ਉਹ ਪੂਰੇ ਇਮਾਨਦਾਰੀ ਨਾਲ ਆਪਣਾ ਤੇ ਚਾਚੇ,ਤਾਇਆਂ ਦੇ ਘਰ ਦਾ ਕੰਮ ਕਰਦਾ....ਜਿਆਦਾਤਰ ਘਰ ਦੇ ਕਮਕਾਰ ਕਰਕੇ ਹੀ ਉਸਨੂੰ ਸਕੂਨ ਮਿਲਦਾ ਸੀ....

ਪਿੰਡ ਦੀ ਸੱਥ ਵਿੱਚ ਬੈਠੇ ਸਾਰੇ ਬੋਲ ਰਹੇ ਸਨ "ਕੀ ਪਰਮਾਤਮਾ ਇਸ ਵਾਰੀ ਇਸ ਰੱਬ ਦੇ ਬੰਦੇ ਦਾ ਵਿਆਹ ਵਾਲਾ ਕੰਡਾ ਕੱਡ ਹੀ ਦੇਵੇ.... ਕਿਉਂਕੀ ਲਾਗਲੇ ਪਿੰਡ ਦੇ ਮਸ਼ਹੂਰ ਵਿਚੋਲੇ"" ਨੂੰ ਉਸ ਦੇ ਘਰ ਵਿੱਚੋਂ ਨਿਕਲਦਿਆਂ ਵੇਖਿਆ ਸੀ....ਪਹਿਲਾਂ ਵੀ ਕਈ ਵਾਰੀ ਉਸ ਦੇ ਆਪਣੇ ਹੀ ਪਿਆਰੇ ਭਾਨੀ ਮਾਰ ਦਿੰਦੇ ਸਨ ..ਭਾਈਆਂ ਨੇ ਵੀ ਬਹੁਤਾ ਸਾਥ ਨਾ ਦਿੱਤਾ ਉਸ ਦਾ ਵਿਆਹ ਕਰਵਾਉਣ ਲਈ....ਕਿਉਂਕਿ ਉਹਨਾਂ ਦੀ ਸੋਚ ਮੁਤਾਬਕ ਉਹਨਾਂ ਨੂੰ ਘਰ ਦੇ ਕੰਮਾਂ ਵਾਸਤੇ ਸੀਰੀ ਹੀ ਮਿਲਿਆ ਸੀ..ਉਹ ਆਪ ਕਿਸੇ ਕੰਮ ਨੂੰ ਛੇਤੀ ਹੱਥ ਨਹੀਂ ਸੀ ਲਾਉਂਦੇ । ਵੱਡੇ ਚਾਰਾਂ ਭਾਈਆਂ ਦਾ ਇਕੋ ਹੀ ਕੰਮ ਹੁੰਦਾ ਸੀ ਸਵੇਰ ਤੋਂ ਆਥਣੇ ਤੱਕ ਬਹਿ ਜਾਣਾ ਪੈੱਗ ਪੀਣ..

ਉਜਾਗਰ ਸਿੰਘ ਦਾ ਭਰੋਸਾ ਰੱਬ ਤੇ ਬਹੁਤ ਸੀ ਸਵੇਰੇ ਅੰਮ੍ਰਿਤ ਵੇਲੇ ਨਹਾ ਕੇ ਗੁਰਦੁਆਰੇ ਜਰੂਰ ਜਾਂਦਾ ਸੀ ਭਾਵੇਂ ਗੁਰਦੁਆਰੇ ਦੇ ਬਾਹਰ ਹੀ ਬੈਠ ਜਾਂਦਾ ਸੀ....ਉਸ ਦੇ ਮਨ ਵਿੱਚ ਇਹ ਸੀ ਕਿ ਮੈਂ ਰਾਤ ਨੂੰ ਪੈੱਗ-ਪੁਗ ਲਾ ਲੈਂਦਾਂ ਆਂ ਆਪਣੀ ਥਕਾਵਟ ਲਾਉਣ ਲਈ....

ਉਹ ਆਪਣੇ ਮਨ ਨੂੰ ਬਹੁਤ ਝੂਰਦਾ ਸੀ ਕੀ ਮੈਂ ਗੁਨਾਂਹ ਕਰਦਾ ਆਂ.... ਪਰ ਉਹਦੇ ਮਨ ਅੰਦਰ ਮੈਲ ਨਹੀਂ ਸੀ.. ਗ੍ਰੰਥੀ ਸਿੰਘ ਜਦ ਵੀ ਸਵੇਰੇ ਭੋਗ ਪਾਉਂਦਾ ਤੇ ਉਸਨੂੰ ਬਾਹਰ ਬੈਠੇ ਨੂੰ ਪ੍ਰਸ਼ਾਦ ਜਰੂਰ ਦੇ ਕੇ ਜਾਂਦਾ....ਉਸਨੂੰ ਕਹਿੰਦਾ ਕੀ ਭਗਤਾ ਤੂੰ ਬਾਹਰ ਨਾ ਬੈਠਿਆਂ ਕਰ ਅੰਦਰ ਆਇਆ ਕਰ... ਉਜਾਗਰ ਸਿੰਘ ਕਹਿੰਦਾ ਨਹੀਂ ਗ੍ਰੰਥੀ ਸਾਹਿਬ ਮੈਨੂੰ ਇੱਥੇ ਹੀ ਬੜਾ ਸਕੂਨ ਮਿਲਦਾ ਏ। ਅੰਦਰ ਜਾਂਵਾਂਗਾ ਤੇ ਲੋਕੀ ਮੈਨੂੰ ਮਖੌਲ ਕਰਨਗੇ ਕੀ ਰੱਬ ਛੜੇ ਬੰਦੇ ਦੀ ਵੀ ਨਹੀਂ ਸੁਣਦਾ....

ਚਲੋ ਸਮਾਂ ਆਪਣੀ ਚਾਲ ਚੱਲਦਾ ਗਿਆ ਬੜੀ ਹੀ ਮੁਸ਼ਕਲ ਨਾਲ ਉਸਦਾ ਰਿਸ਼ਤਾ ਹੋ ਗਿਆ ਚੰਗੇ ਖ਼ਾਨਦਾਨ ਵਿੱਚ..ਉਹ ਵੀ ਕਿਸੇ ਚੰਗੇ ਵਿਚੋਲੇ ਕਾਰਨ ਸਾਰਾ ਪਿੰਡ ਬਹੁਤ ਖੁਸ਼ ਸੀ..ਸਿਰਫ ਉਹਦੇ ਭਾਈਆਂ ਨੂੰ ਛੱਡ ਕੇ....

ਕੁੜੀ ਵਾਲਿਆਂ ਨੇ ਸਾਰੀ ਪੁੱਛਗਿਛ ਕੀਤੀ ਸੀ ਆਪਣੇ ਪਿੰਡ ਦੇ ਨਾਈ ਨੂੰ ਭੇਜ ਕੇ ਕੀ ਮੁੰਡਾ ਕੀ ਕਰਦਾ ਏ.. ਨਾਈ ਨੇ



ਸਭ ਤੋਂ ਪਹਿਲਾਂ ਮੁੰਡੇ ਦੇ ਨਾਨਕਿਆਂ ਬਾਰੇ ਜਾਣਿਆ ਫਿਰ ਮੁੰਡੇ ਵਾਲਿਆਂ ਦਾ ਪਿੰਡ ਵਿੱਚ ਰੂੜੀ ਦਾ ਢੇਰ ਤੇ ਮਾਲ ਡੰਗਰ ਵੇਖਿਆ..ਇਸ ਤੋਂ ਪਤਾ ਲੱਗ ਜਾਂਦਾ ਸੀ ਮੁੰਡੇ ਵਾਲਿਆ ਦੀ ਜਾਇਦਾਦ ਤੇ ਕੰਮਕਾਜ ਕਿੰਨਾ ਕੁ ਹੈ...

ਨਾਈ ਨੇ ਸਾਰਾ ਹੀ ਅੱਖੀਂ ਡਿੱਠਾ ਹਾਲ ਦੱਸਿਆ ਕੀ ਬਹੁਤ ਹੀ ਵਧੀਆ ਟੱਬਰ ਹੈ ਬਸ ਮੁੰਡਾ ਥੋੜਾ ਸਿੱਧਾ ਸਾਦਾ ਏ....

ਪਰ ਰੱਬ ਦੇ ਨਾਮ ਵਾਲਾ ਹੈ ਸੋ ਕੁੜੀ ਵਾਲਿਆਂ ਨੇ ਦੇਰ ਨਾ ਲਾਈ ਆਪਣੀ ਧੀ ਦਾ ਰਿਸ਼ਤਾ ਕਰਨ ਲਈ... ਕਿਉਂਕਿ ਉਹਨਾਂ ਦੀ ਧੀ ਕਾਫੀ ਸਮੇਂ ਤੋਂ ਘਰ ਹੀ ਬੈਠੀ ਸੀ...ਵਿਆਹ ਹੋਣ ਤੋਂ ਦੋ ਮਹੀਨੇ ਬਾਅਦ ਹੀ ਪ੍ਰਾਉਣਾ ਜਹਾਨੋਂ ਕੂਚ ਕਰ ਗਿਆ ਬਾਰਡਰ ਦੀਆਂ ਤਾਰਾਂ ਟੱਪਦਾ... ਕਹਿੰਦੇ ਕਾਫੀ ਆਉਣ ਜਾਣ ਸੀ ਉਹਦਾ ਬਾਰਡਰੋਂ ਪਾਰ।

ਉਜਾਗਰ ਸਿੰਘ ਦਾ ਵਿਆਹ ਬੜੇ ਹੀ ਧੂਮਧਾਮ ਨਾਲ ਹੋਇਆ ਜੋ ਵੀ ਦਾਜ ਬਣਦਾ ਸੀ ਉਹਨਾਂ ਦਿੱਤਾ ਇੱਕ ਬੋਤੀ, ਦੋ ਮੁੱਝਾ ਤੇ ਇੱਕ ਘੋੜੀ ਸਾਰਾ ਪਿੰਡ ਹੱਕਾ-ਬੱਕਾ ਰਹਿ ਗਿਆ ਐਨਾ ਦਾਜ ਤੇ ਚੱਨ ਨਾਲੋਂ ਸੋਹਣੀ ਕੁੜੀ ਵੇਖ ਕੇ....ਕੁੜੀ ਪੜ੍ਹੀ ਲਿਖੀ ਤੇ ਉੱਚੇ ਖਾਨਦਾਨ ਦੀ ਹੋਣ ਕਰਕੇ ਉਸ ਨੇ ਆਪਣੇ ਘਰ ਨੂੰ ਸਾਂਭ ਲਿਆ ਸੀ ਪਰ ਉਜਾਗਰ ਸਿਉਂ ਦੇ ਭਾਈਆਂ ਨੂੰ ਉਹ ਚੰਗੀ ਨਹੀਂ ਸੀ ਲੱਗਦੀ.... ਕਿਉਂਕਿ ਉਹ ਨਿਤ ਦੇ ਸ਼ਰਾਬੀ ਤੇ ਨਾ ਹੀ ਕਦੀ ਰੱਬ ਨਾਮ ਲੈਂਦੈ....

ਕੁਝ ਸਮਾਂ ਪਾ ਕੇ ਭਈਆਂ ਨੇ ਉਸ ਦਾ ਘਰ ਵੱਖ ਕਰ ਦਿੱਤਾ ਉਜਾਗਰ ਸਿੰਘ ਦੇ ਸਹੁਰੇ ਆਏ ਕਿ ਅਸੀਂ ਤੇਰਾ ਫੈਸਲਾ ਕਰਵਾਉਂਦੇ ਆਂ ਪਰ ਉਜਾਗਰ ਸਿੰਘ ਕਹਿੰਦਾ ਕਿ ਨਹੀਂ ਜੀ ਇਹ ਮੇਰੇ ਘਰ ਦਾ ਮਸਲਾ" ਏ...ਕੋਈ ਨਾ ਜੀ ਮੈਨੂੰ ਰੱਬ ਤੇ ਪੂਰਾ ਭਰੋਸਾ ਹੈ ਜੋ ਵੀ ਕਰੂਗਾ ਵਧੀਆ ਹੀ ਕਰੂਗਾ....

ਭਾਈਆਂ ਨੇ ਇੱਕ ਕੋਠਾ,ਦੋ ਕਿਲੇ ਜ਼ਮੀਨ ਤੇ ਉਸਦੀ ਮੰਗ ਤੇ ਇੱਕ ਮਾਂ ਦਾ ਵੱਡਾ ਮੰਜਾ ਦਿੱਤਾ ਜੋ ਕਿ ਉਜਾਗਰ ਸਿੰਘ ਦੀ ਮਾਂ ਤੇ ਬਾਪ ਜਦ ਜਹਾਨੋ ਗਏ ਸੀ ਤਾਂ ਸਾਰੀ- ਸਾਰੀ ਰਾਤ ਮੰਜੇ ਦੇ ਪਾਵੇ" ਨਾਲ ਲੱਗ ਕੇ ਰੋਂਦਾ ਹੁੰਦਾ ਸੀ.. ਓਹ ਕਹਿੰਦਾ ਹੁੰਦਾ ਸੀ ਕਿ ਮੈਨੂੰ ਕੁਝ ਨਹੀਂ ਚਾਹੀਦਾ ਸਿਰਫ ਮੇਰੀ ਮਾਂ ਦਾ ਮੰਜਾ" ਹੀ ਚਾਹੀਦਾ ਹੈ।

ਇਹ ਮੰਜਾ ਉਹਨਾਂ ਦੇ ਬਜ਼ੁਰਗਾਂ ਦੀ ਇੱਕੋ ਇੱਕ ਨਿਸ਼ਾਨੀ ਸੀ ਜਦੋਂ ਸੰਤਾਲੀ" ਤੋਂ ਉੱਜੜ ਕੇ ਆਪਣੇ ਪਿੰਡ ਪੰਜਾਬ ਆਏ ਸੀ ਸਿਰਫ ਇਹੋ ਇੱਕੋ ਇੱਕ ਮੰਜਾ"ਹੀ ਬਚਿਆ ਸੀ ਉਹਨਾ ਕੋਲ...

ਪਰ ਫਿਰ ਵੀ ਉਹ ਉਜਾਗਰ ਸਿੰਘ ਨੇ ਭਾਈਆਂ ਨੂੰ ਕਦੀ ਮਾੜਾ ਨਹੀਂ ਕਿਹਾ ਭਾਵੇਂ ਉਹਦੇ ਨਾਲ ਵਿਤਕਰਾ" ਹੀ ਕੀਤਾ ਸੀ...ਹਮੇਸ਼ਾ ਰੱਬ ਜੋ ਕਰੂਗਾ ਚੰਗਾ ਹੀ ਕਰੂਗਾ ਇਹੀ ਕਹਿੰਦਾ ਹੁੰਦਾ ਸੀ ਹਰ ਇੱਕ ਨੂੰ....

ਭਾਗਾਂ ਵਾਲਾ ਸਮਾਂ ਆਇਆ ਉਹਨਾਂ ਦੇ ਘਰ ਜੌੜੇ" ਧੀ ਪੁੱਤਰ "ਹੋਏ ਉਹਨਾਂ ਦੀਆਂ ਖੁਸ਼ੀਆਂ ਦਾ ਟਿਕਾਣਾ ਕੋਈ ਨਾ ਰਿਹਾ..ਕਿਉਂਕਿ ਪਰਮਾਤਮਾ ਨੇ ਉਹਨਾਂ ਨੂੰ ਚਾਰ- ਪੰਜ ਸਾਲ ਬਾਅਦ ਇਕੱਠੀਆਂ ਹੀ ਦੋ ਦਾਤਾਂ ਦਿੱਤੀਆਂ ਸਨ ਸਾਰੇ ਪਿੰਡ ਵਿੱਚ ਉਸਨੇ ਆਪਣੇ "ਹੱਥੀਂ ਪਤਾਸੇ ਤੇ ਲੱਡੂ ਵੰਡੇ ਤੇ ਸਾਰਿਆਂ ਨੇ ਵਧਾਈਆਂ ਦਿੱਤੀਆਂ। ਸਾਰਾ ਪਿੰਡ ਏਹੀ ਕਹਿ ਰਿਹਾ ਸੀ ਕੀ ਬੰਦੇ ਦੀ ਨੀਅਤ ਸਾਫ ਅਤੇ "ਰੱਬ ਤੇ ਭਰੋਸਾ" ਹੋਵੇ ਤਾਂ ਉਹ ਕਦੀ ਵੀ ਕਿਸੇ ਦੀ ਪਿੱਠ ਨਹੀਂ ਲੱਗਣ ਦਿੰਦਾ...ਉਜਾਗਰ ਸਿੰਘ ਤੇ ਉਸ ਦੀ ਘਰ ਵਾਲੀ ਪ੍ਰੀਤੋ ਰੱਬ ਦਾ ਸ਼ੁਕਰ "ਕਰਦੇ ਨਹੀਂ ਥੱਕਦੇ ਸੀ ॥।



**ਸਰਤਾਜ ਸਿੰਘ ਸੰਧੂ**
**ਪਿੰਡ ਰਣੀਕੇ**
**ਜ਼ਿਲ੍ਹਾ ਅੰਮ੍ਰਿਤਸਰ**
**9170000064**

ਸਾਹਿਤ ਸਮਾਜ

11/01/2025

# ਮੇਰਾ ਘੁਮਿਆਰਾ (ਭਾਗ 6)



ਇਹ ਉਹ ਸਮਾਂ ਸੀ ਜਦੋਂ ਘੁਮਿਆਰੇ ਬਿਜਲੀ ਨਹੀਂ ਸੀ ਆਈ। ਲੋਕ ਸਵੇਰੇ ਸ਼ਾਮ ਸੱਥ ਵਿੱਚ ਬੈਠਕੇ ਟਾਈਮ ਪਾਸ ਕਰਦੇ। ਤਾਸ਼ ਖੇਡਦੇ। ਗਰਨੇ ਕੱਢਦੇ, ਸੂਤ ਵੱਟਦੇ ਜਾਂ ਫਿਰ ਕੋਈਂ ਰੱਸੇ ਵੱਟਦੇ। ਬਹੁਤੇ ਲੋਕ ਦਰੱਖਤਾਂ ਥੱਲ੍ਹੇ ਬੈਠਕੇ ਇਹੀ ਕੰਮ ਕਰਦੇ। ਸਿਖਰ ਦੁਪਹਿਰੇ ਇੱਥੇ ਹੀ ਮਹਿਫਲਾਂ ਲੱਗਦੀਆਂ। ਕਈਆਂ ਦੇ ਮੂਹਰਲੇ ਦਰਵਾਜੇ ਇੰਨੇ ਵੱਡੇ ਹੁੰਦੇ ਸਨ ਕਿ ਗਰਮੀਆਂ ਵਿੱਚ ਲੋਅ ਨਹੀਂ ਠੰਡੀ ਹਵਾ ਆਉਂਦੀ। ਪਿੰਡ ਵਿੱਚ ਵਾਰਡ ਨਹੀਂ ਅੱਲਾਂ ਹੁੰਦੀਆਂ ਸਨ ਜਾਂ ਫਿਰ ਗਲੀਆਂ ਦੇ ਨਾਮ।

ਪਿੰਡ ਘੁਮਿਆਰੇ ਤਿੰਨ ਆਟਾ ਚੱਕੀਆਂ ਸਨ। ਜੋ ਕਾਲੇ ਤੇਲ ਤੇ ਚਲਦੀਆਂ। ਵਾਹਵਾ ਆਵਾਜ਼ ਕਰਦੀਆਂ। ਧੂੰਏਂ ਵਾਲੇ ਸਾਈਲੈਂਸਰ ਤੇ ਇੱਕ ਚਿੜ੍ਹੀ ਲੱਗੀ ਹੁੰਦੀ ਸੀ ਜੋ ਬੜੀ ਪਿਆਰੀ ਜਿਹੀ ਆਵਾਜ਼ ਕੱਢਦੀ। ਇਸ ਨਾਲ ਸਾਰੇ ਪਿੰਡ ਨੂੰ ਪਤਾ ਲੱਗ ਜਾਂਦਾ ਕਿ ਮਸ਼ੀਨ ਚੱਲ ਰਹੀ ਹੈ। ਮਸ਼ੀਨ ਦੇ ਨੇੜੇ ਇੱਕ ਪੂਰੀ ਗਲੀ ਨੂੰ ਮਸ਼ੀਨ ਆਲਿਆਂ ਦੀ ਗਲੀ ਕਹਿੰਦੇ ਸਨ। ਉਸ ਵਿੱਚ ਵਿੱਚ ਬਾਬੇ ਅਰਜਨ ਕੇ, ਤਾਇਆ ਹਰਬੰਸ, ਬਾਬੇ ਜੰਗੀਰ ਕੇ, ਸਰਵਣ ਕੇ ਅਤੇ ਤਿੰਨ ਚਾਰ ਘਰ ਹੋਰ ਰਹਿੰਦੇ ਸਨ। ਬਾਬੇ ਜਗੀਰ ਨੂੰ ਜਗੀਰ ਅੱਖਾਂਮਾਰੂ ਵੀ ਕਹਿੰਦੇ ਸਨ। ਕਿਉਂਕਿ ਉਹ ਵਾਰੀ ਵਾਰੀ ਅੱਖਾਂ ਝਮਕਦਾ ਸੀ। ਉਸ ਮਸ਼ੀਨ ਤੇ ਕੂਤਨ ਨਾਮ ਦਾ ਕਰਿੰਦਾ ਹੁੰਦਾ ਸੀ। ਜਿਸ ਨੂੰ ਪਿੰਡ ਦਾ ਬੱਚਾ ਬੱਚਾ ਜਾਣਦਾ ਸੀ। ਉਰਲੀ ਫਿਰਨੀ ਤੇ ਕਈ ਘਰ ਸਨ ਜਿੰਨਾ ਨੂੰ ਵੱਡੇ ਘਰਾਂ ਵਾਲੇ ਕਹਿੰਦੇ ਸਨ। ਇਹ ਕਈ ਘਰ ਸਨ ਤੇ ਸਭ ਕੋਲ੍ਹ ਚੰਗੀ ਜਮੀਨ ਸੀ। ਇਹ੍ਹਨਾਂ ਦੇ ਘਰਾਂ ਦੇ ਦਰਵਾਜੇ ਵੱਡੇ ਵੱਡੇ ਸਨ। ਖੂਹ ਨੇੜੇ ਇੱਕ ਲੰਮੀ ਸਾਰੀ ਗਲੀ ਸੀ ਜਿਸਨੂੰ ਬਲੰਗਨਾਂ ਦੀ ਗਲੀ ਕਹਿੰਦੇ ਸਨ। ਬਲੰਗਨ ਵੀ ਇੱਕ ਗੋਤ ਹੁੰਦੀ ਹੈ। ਕਈ ਬਲੰਗਨਾਂ ਦਾ ਵੇਹੜਾ ਵੀ ਕਹਿੰਦੇ ਸਨ। ਖੂਹ ਵਾਲੀ ਗਲੀ ਵਿੱਚ ਰਹਿੰਦਾ ਬਾਬਾ ਹਜ਼ੂਰ ਸਿੰਘ ਆਪਣੇ ਹੱਥ ਵਿੱਚ ਲੱਕੜ ਦੀ ਅਣਘੜ ਜਿਹੀ ਮੋਟੀ ਸੋਟੀ ਰੱਖਦਾ ਜਿਸ ਕਰਕੇ ਉਸਨੂੰ ਬਾਬਾ ਘੈਂਸਲੇ ਵਾਲਾ ਕਹਿੰਦੇ। ਬਾਅਦ ਵਿੱਚ ਉਹਨਾਂ ਦੇ ਪੂਰੇ ਪਰਿਵਾਰ ਨੂੰ ਹੀ ਘੈਂਸਲੇ ਵਾਲੇ ਕਹਿਣ ਲੱਗ ਪਏ। ਬਾਬੇ ਦਾ ਪੋਤਾ ਜੋ ਕਦੇ ਮੇਰਾ ਸਹਿਪਾਠੀ ਸੀ ਉਹ ਪਿੰਡ ਦਾ ਸਰਪੰਚ ਵੀ ਬਣਿਆ। ਸਰਪੰਚ ਤਾਂ ਮੇਰਾ ਸਹਿਪਾਠੀ ਸੁਖਚਰਨ ਵੀ ਬਣਿਆ। ਉਹ ਗਰੀਬ ਪਰਿਵਾਰ ਦਾ ਮੁੰਡਾ ਸੀ। ਸਰਪੰਚੀ ਰਾਖਵੀਂ ਹੋਣ ਕਰਕੇ ਉਸ ਦਾ ਨੰਬਰ ਸੌਖਾ ਪੈ ਗਿਆ।

ਪਿੰਡ ਦੇ ਇੱਕ ਦੋ ਆਦਮੀ ਕਲਕੱਤੇ ਟੈਕਸੀ ਚਲਾਉਂਦੇ ਸਨ। ਸੋ ਉਹਨਾ ਨੂੰ ਕਲਕੱਤੇ ਵਾਲੇ ਕਹਿੰਦੇ। ਭਾਵੇਂ ਓਦੋਂ ਬਹੁਤੇ ਘਰਾਂ ਵਿੱਚ ਬੱਕਰੀਆਂ ਹੁੰਦੀਆਂ ਸਨ ਪਰ ਇੱਕ ਪਰਿਵਾਰ ਨੂੰ ਬੱਕਰੀਆਂ ਵਾਲੇ ਕਿਹਾ ਜਾਂਦਾ ਸੀ। ਲੋਹਾਰੇ ਵਾਲੀ ਪਹੀ ਕੋਲ੍ਹ ਰਹਿੰਦਾ ਕਰਤਾਰ ਮਿਸਤਰੀ ਦਾ ਪਿੱਛਾ ਲਾਇਲਪੁਰ ਦਾ ਸੀ ਉਸ ਨੂੰ ਲਾਇਲਪੁਰੀਆ ਕਹਿੰਦੇ। ਸਾਡੇ ਘਰ ਕੋਲ੍ਹ ਜਗਰੂਪ ਨਾਮ ਦਾ ਦਰਜ਼ੀ ਰਹਿੰਦਾ ਸੀ ਉਸਨੂੰ ਵੀ ਸ਼ਾਇਦ ਲਾਇਲਪੁਰੀਆ ਕਹਿੰਦੇ ਸਨ। ਬਾਬੇ ਬਖਤੌਰ ਸਿੰਘ ਦੀ ਬੈਠਕ ਜੋ ਮੇਰੇ ਦਾਦੇ ਦੀ ਹੱਟੀ ਦੇ ਨਾਲ ਲੱਗਦੀ ਸੀ ਉਥੇ ਕੋਈਂ ਨਾ ਕੋਈਂ ਝੋਲਾ ਛਾਪ ਡਾਕਟਰ ਆਪਣਾ ਰੋਜ਼ਗਾਰ ਤੋਰੀ ਰੱਖਦਾ। ਇਸੇ ਤਰ੍ਹਾਂ ਬਾਬੇ ਸੁਖਚਰਨ ਕੀ ਬੈਠਕ ਵੀ ਕਿਸੇ ਨਾ ਕਿਸੇ ਝੋਲਾ ਛਾਪ ਲਈ ਬੁੱਕ ਹੀ ਹੁੰਦੀ ਸੀ। ਪਹਿਲ਼ਾਂ ਪਹਿਲ਼ਾਂ ਲੋਕ ਵੈਦ ਆਤਮਾ ਸਿੰਘ ਤੋਂ ਦਵਾਈ ਬੂਟੀ ਲੈਂਦੇ। ਪਰ ਬਾਅਦ ਵਿੱਚ ਉਹ ਖੁਦ ਨਸ਼ੇ ਕਰਨ ਲੱਗ ਪਿਆ ਤੇ ਬਜ਼ੁਰਗ ਹੋ ਗਿਆ। ਉਸਦੇ ਹੱਥ ਕੰਬਨ ਲੱਗੇ। ਪਿੰਡ ਘੁਮਿਆਰਾ ਵਿੱਚ ਬਾਬਾ ਚੰਡੀਗੜ੍ਹ ਵਾਲਾ ਮਸ਼ਹੂਰ ਸੀ ਪਤਾ ਨਹੀਂ ਉਹਨਾਂ ਨੂੰ ਲੋਕ ਚੰਡੀਗੜ੍ਹ ਵਾਲੇ ਕਿਉਂ ਕਹਿੰਦੇ ਸਨ। ਇੰਜ ਹੀ ਇੱਕ ਕਰਤਾਰ ਲੋਹਾਰੇ ਵਾਲਾ ਸੀ ਉਹ ਸ਼ਾਇਦ ਲੋਹਾਰੇ ਤੋਂ ਸੀ ਉਹ ਕਾਫੀ ਪੜ੍ਹਿਆ ਸੀ ਉਸਦਾ ਬੇਟਾ ਵੀ ਕਿਸੇ ਵੱਡੀ ਪੋਸਟ ਤੋਂ ਸੇਵਾਮੁਕਤ ਹੋਇਆ। ਰਾਜਸਥਾਨ ਤੋਂ ਆਕੇ ਰਹਿਣ ਵਾਲੇ ਜੱਗਰ ਬਾਗੜੀਆ ਦੀ ਵੀ ਇੱਕ ਵੱਖਰੀ ਪਹਿਚਾਣ ਸੀ। ਉਹਨਾਂ ਦਿਨਾਂ ਵਿੱਚ ਇੱਕ ਬਜ਼ੁਰਗ ਜਿਸਨੂੰ ਝਿਉਰਾਂ ਦਾ ਬੁੜਾ ਕਹਿੰਦੇ ਸੀ ਆਪਣੇ ਦੋਹਤੇ ਦਰਸ਼ਨ ਨਾਲ ਰਹਿੰਦਾ ਸੀ। ਪਿੰਡ ਵਾਲੇ ਉਸ ਦੀ ਇੱਜਤ ਕਰਦੇ ਸਨ। ਦਰਸ਼ਨ ਕਾਫੀ ਮੋਟਾ ਸੀ। ਕਵਿੰਟਲ ਨਾਮਕ ਝਿਊਰ ਮੱਧਰੇ ਕੱਦ ਦਾ ਸੀ ਪਰ ਉਸਦਾ ਵਜ਼ਨ ਹੀ ਉਸਦਾ ਨਾਮ ਸੀ। ਉਹ ਘਰਾਂ ਵਿੱਚ ਪੀਪਿਆਂ ਨਾਲ ਪਾਣੀ ਪਾਉਂਦਾ। ਪਿੰਡ ਵਿੱਚ ਕੋਈਂ ਝਟਕੇ ਦੀ ਦੁਕਾਨ ਨਾ ਹੋਣ ਕਰਕੇ ਕਵਿੰਟਲ ਝਿਊਰ ਕਦੇ ਕਦੇ ਬੱਕਰਾ ਵੀ ਝਟਕਾ ਲੈਂਦਾ। ਇਹ ਵੀ ਉਸਦਾ ਪੇਸ਼ਾ ਹੀ ਸੀ। ਕਈ ਵਾਰੀ ਕੋਈਂ ਹੋਰ ਇਹ ਉੱਦਮ ਕਰਦਾ ਤੇ ਚਾਹਵਾਨ ਮੀਟ ਖਰੀਦ ਲੈਂਦੇ।

ਪਿੰਡ ਦੇ ਬਹੁਤੇ ਲੋਕਾਂ ਨੂੰ ਉਹਨਾਂ ਦੇ ਪੇਸ਼ੇ ਅਤੇ ਜਾਤ ਕਰਕੇ ਹੀ ਬੁਲਾਇਆ ਜਾਂਦਾ ਸੀ। ਜਿਵੇਂ ਚੁਮਾਰਾਂ ਦੇ, ਸੁਨਿਆਰਿਆਂ ਦੇ, ਲੋਹਾਰਾਂ ਦੇ, ਮਿਸਤਰੀਆਂ ਦੇ, ਸੇਠਾਂ ਦੇ, ਝਿਊਰਾਂ ਦੇ ਵਗੈਰਾ। ਜਾਤ ਦਾ ਨਾਮ ਲੈਣ ਤੇ ਕੋਈ ਗੁੱਸਾ ਨਹੀਂ ਸੀ ਕਰਦਾ। ਸਗੋਂ ਲੋਕ ਆਪਣੀ ਜਾਤ ਹੁੱਭਕੇ ਦੱਸਦੇ। ਠੀਕ ਹੈ ਕੁਝ ਜਾਤਾਂ ਨੂੰ ਨੀਵੀਆਂ ਜਾਤਾਂ ਸਮਝਿਆ ਜਾਂਦਾ ਸੀ ਉਹ ਵੀ ਇਸ ਗੱਲ ਨੂੰ ਮੰਨਦੇ ਸਨ ਪਰ ਸ਼ਰਮ ਨਹੀਂ ਸੀ ਮੰਨਦੇ। ਇਹੀ ਤਾਂ ਉਹਨਾਂ ਦਾ ਭੋਲਾਪਣ ਸੀ ਅਤੇ ਦਰਿਆਦਿਲੀ ਸੀ। ਇਹ੍ਹਨਾਂ ਗੱਲਾਂ ਨੂੰ ਲ਼ੈਕੇ ਕਦੇ ਕੋਈਂ ਲੜ੍ਹਾਈ ਝਗੜਾ ਨਹੀਂ ਸੀ ਹੋਇਆ।



ਰਮੇਸ ਸੇਠੀ ਬਾਦਲ
ਮੋ 98 766 27 233

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**